## ॥ ਅਰਦਾਸ ॥

ਸਲੋਕੁ। ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ।
ਸਰਣਿ ਤੁਮ੍ਾਰੀ ਆਇਓ ਨਾਨਕ ਕੇ ਪ੍ਰਭ ਸਾਥ। (੨੬੪)

### ਸਵਈਏ ਮਹਲੇ ਪੰਜਵੇ ਕੇ ੫ ੧ੴ ਸਤਿਗੁਰ ਪ੍ਰਸਾਦਿ ॥

ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ ॥ ਜਿਸੁ ਸਿਮਰਤ ਦੁਰਮਤਿ ਮਲੁ ਨਾਸੀ ॥ (ਪਹਿਲਾਂ ਮੈਂ) ਉਸ ਅਚੱਲ ਨਾਸ਼ ਰਹਿਤ ਅਕਾਲ ਪੁਰਖ ਨੂੰ ਸਿਮਰਦਾ ਹਾਂ। ਜਿਸ ਦਾ ਸਿਮਰਨ ਕਰਨ ਨਾਲ ਖੋਟੀ ਬੁੱਧੀ (ਮੂਰਖਤਾ) ਦੀ ਮੈਲ ਦੂਰ ਹੋ ਜਾਂਦੀ ਹੈ।

ਸਤਿਗੁਰ ਚਰਣ ਕਵਲ ਰਿਦਿ ਧਾਰੰ ॥ ਗੁਰੁ ਅਰਜੁਨ ਗੁਣ ਸਹਜਿ ਬਿਚਾਰੰ ॥ (ਫਿਰ) ਸੱਤਗੁਰੂ ਜੀ ਦੇ ਕਮਲ ਵਰਗੇ ਸੁੰਦਰ ਚਰਨਾਂ ਨੂੰ ਮੈਂ ਹਿਰਦੇ ਵਿਚ ਟਿਕਾਉਂਦਾ (ਧਾਰਦਾ) ਹਾਂ। (ਹਿਰਦੇ ਵਿਚ ਚਰਨ ਵਸਾ ਕੇ) ਗੁਰੂ ਅਰਜਨ ਦੇਵ ਜੀ ਦੇ ਗੁਣਾਂ ਦਾ ਬਿਚਾਰ ਕਰਦਾ ਹਾਂ (ਜੋ ਉਨ੍ਹਾਂ ਵਿਚ) ਸੁਭਾਵਕ ਹੀ ਹਨ; ਗੁਰੂ ਅਰਜਨ ਦੇਵ ਜੀ ਦੇ ਕੁਦਰਤੀ ਗੁਣਾਂ ਦਾ ਬਿਚਾਰ ਕਰਦਾ ਹਾਂ।

ਅੰਗ ੧੪੦੭ = ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ ॥ ਸਗਲ ਮਨੋਰਥ ਪੂਰੀ ਆਸਾ ॥ ਗੁਰੂ ਰਾਮਦਾਸ ਜੀ ਦੇ ਘਰ ਵਿਚ (ਆਪ ਜੀ ਨੇ) ਪ੍ਰਕਾਸ਼ ਕੀਤਾ ਭਾਵ ਪ੍ਰਗਟ ਹੋਏ। (ਜਿਸ ਦੇ ਫਲ ਸਰੂਪ ਲਾਇਕ ਪੁਤ੍ਰ ਪੈਦਾ ਹੋ ਕੇ ਮਾਪਿਆਂ ਦੇ) ਸਾਰੇ ਮਨੋਰਥ ਤੇ ਆਸਾ ਨੂੰ ਪੂਰਨ ਕੀਤਾ। (ਅੰਗ ੧੪੦੬ ਪਿਛੇ ਗੁਰੂ ਰਾਮਦਾਸ ਜੀ ਦੇ ਸਵੱਈਆਂ ਤੋਂ ਸ਼ੁਰੂ ਹੋਇਆ ਹੋਇਆ ਸੀ)।

ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥ ਕਲ੍ਯ ਜੋੜਿ ਕਰ ਸੁਜਸੁ ਵਖਾਣਿਓ (ਹੇ ਗੁਰੂ ਅਰਜਨ ਦੇਵ ਜੀ!) ਤੁਸੀ ਪ੍ਰਗਟ ਹੁੰਦਿਆ ਹੀ ਗੁਰੂ (ਅਮਰ ਦਾਸ ਜੀ ਦੀ) ਸਿਖਿਆ ਰਾਹੀਂ ਵਾਹਿਗੁਰੂ ਨੂੰ ਪਛਾਣ ਲਿਆ ਸੀ; ਆਪ ਨੇ ਪ੍ਰਗਟ ਹੁੰਦਿਆਂ ਹੀ (ਸੁਤੇ ਸਿਧ) ਗੁਰਮੱਤ ਤੇ ਵਾਹਿਗੁਰੂ ਨੂੰ ਜਾਣ ਲਿਆ ਸੀ। ਕਲ੍ਯ ਭੱਟ ਹੱਥ ਜੋੜ ਕੇ ਆਪ ਜੀ ਦਾ ਸ੍ਰੇਸਟ ਜਸ ਵਖਿਆਨ ਕਰਦਾ ਹੈ।

ਭਗਤਿ ਜੋਗ ਕੌ ਜੈਤਵਾਰੁ ,ਹਰਿ ਜਨਕੁ ਉਪਾਯਉ ॥ (ਹੇ ਗੁਰੂ ਅਰਜਨ ਦੇਵ ਜੀ!) ਹਰੀ ਨੇ ਆਪ ਜੀ ਨੂੰ ਭਗਤੀ ਦੇ ਜੋਗ ਨੂੰ ਜਿਤਣ ਵਾਲਾ ਜਨਕ ਪੈਦਾ ਕੀਤਾ ਹੈ (ਸ਼ਬਦਾਰਥ)।

ਸਬਦੁ ਗੁਰੂ ਪਰਕਾਸਿਓ, ਹਰਿ ਰਸਨ ਬਸਾਯਉ ॥ (ਆਪ ਜੀ ਨੇ) ਗੁਰੂ ਦੇ ਸ਼ਬਦ ਨੂੰ ਪ੍ਰਗਟ ਕੀਤਾ; (ਗੁਰੂ ਗ੍ਰੰਥ ਸਾਹਿਬ ਲਿਖਵਾ ਕੇ ਗੁਰੂ ਦੇ ਸ਼ਬਦ ਨੂੰ ਸੰਸਾਰ ਵਿਚ ਪ੍ਰਕਾਸ਼ਿਆ ਹੈ) ਅਤੇ ਵਾਹਿਗੁਰੂ ਨੂੰ ਰਸਨਾ ਤੇ ਬਸਾਇਆ।

ਗੁਰ ਨਾਨਕ ਅੰਗਦ ਅਮਰ ਲਾਗਿ, ਉਤਮ ਪਦੁ ਪਾਯਉ ॥ ਜਿਵੇਂ ਗੁਰੂ ਨਾਨਕ ਦੇਵ ਜੀ ਦੇ ਚਰਨੀਂ ਲਗ ਕੇ ਗੁਰੂ ਅੰਗਦ ਦੇਵ ਜੀ, ਗੁਰੂ ਅੰਗਦ ਦੇਵ ਜੀ ਦੇ ਚਰਨਾਂ ਨਾਲ ਜੁੜ ਕੇ ਗੁਰੂ ਅਮਰਦਾਸ ਜੀ ਨੇ (ਗੁਰਿਆਈ ਦਾ) ਉਤਮ ਪਦ ਪ੍ਰਾਪਤ ਕੀਤਾ ਹੈ।

ਗੁਰੁ ਅਰਜੁਨੁ ,ਘਰਿ ਗੁਰ ਰਾਮਦਾਸ, ਭਗਤ ਉਤਰਿ ਆਯਉ ॥੧॥ (ਗੁਰੂ ਅਮਰਦਾਸ ਜੀ ਦੇ ਚਰਨੀਂ ਲਗ ਕੇ ਗੁਰੂ ਰਾਮ ਦਾਸ ਜੀ ਨੇ ਗੁਰਿਆਈ ਦਾ ਉਤਮ ਪਦ ਪ੍ਰਾਪਤ ਕੀਤਾ, ਇਸੇ ਤਰ੍ਹਾਂ) ਗੁਰੂ ਰਾਮ ਦਾਸ ਜੀ ਦੇ ਘਰ ਵਿਚ ਗੁਰੂ ਅਰਜਨ ਦੇਵ ਜੀ (ਵਾਹਿਗੁਰੂ ਦੇ) ਭਗਤ ਰੂਪ ਵਿਚ ਪ੍ਰਗਟ ਹੋ ਆਏ ਹਨ; ਭਗਤੀ ਦਾ ਅਵਤਾਰ ਉਤਰ ਆਏ ਹੋ (ਸੰ. ਸ.; ਭਾ. ਵੀਰ ਸਿੰਘ; ਨਿਰਣੈ); ਵਾਹਿਗੁਰੂ ਦੇ ਭਗਤ (ਪੈਦਾ ਕਰਨ ਵਾਸਤੇ) ਉਤਰ ਆਏ (ਪੈਦਾ ਹੋਏ) ਹਨ।੧।

ਪਦਾਰਥ = ਸਿਮਰੰ-ਸਿਮਰਦਾ ਹਾਂ। ਸੋਈ ਪੁਰਖੁ-ਉਸ ਅਕਾਲ ਪੁਰਖ ਨੂੰ। ਅਚਲੁ-(ਅਚੱਲ ਪੜ੍ਹੋ) ਇਕ ਰਸ ਰਹਿਣ ਵਾਲਾ ਵਾਹਿਗੁਰੂ। ਅਬਿਨਾਸੀ-ਨਾਸ਼ ਰਹਿਤ। ਦੁਰਮਤਿ-ਖੋਟੀ ਮੱਤ। ਮਲੁ-ਮੈਲ। ਨਾਸੀ-ਦੂਰ ਹੁੰਦੀ ਹੈ। ਰਿਦਿ-ਹਿਰਦੇ ਵਿਚ। ਧਾਰੰ-ਧਾਰਦਾ ਹਾਂ। ਸਹਜਿ-ਸੁਭਾਵਕ ਹੀ; ਮਨ ਦੇ ਟਿਕਾਉ ਨਾਲ; ਪ੍ਰੇਮ ਨਾਲ; ਕੁਦਰਤੀ। ਘਰਿ-ਘਰ ਵਿਚ। ਕੀਅਉ ਪ੍ਰਗਾਸਾ-ਪ੍ਰਕਾਸ਼ ਕੀਤਾ (ਪ੍ਰਗਟ ਹੋਏ)। ਤੈ-ਤੂੰ (ਆਪ ਜੀ)। ਸਗਲ-ਸਾਰੇ। ਜਨਮਤ-ਪ੍ਰਗਟ ਹੁੰਦਿਆਂ। ਗੁਰਮਤਿ-ਗੁਰੂ ਦੀ ਸਿਖਿਆ ਦੁਆਰਾ। ਬ੍ਰਹਮੁ-ਵਾਹਿਗੁਰੂ ਨੂੰ। ਪਛਾਣਿਓ-ਜਾਣ ਲਿਆ। ਕਲ੍ਯ-ਭੱਟ ਦਾ ਨਾਮ। ਕਰ ਜੋੜਿ-ਹੱਥ ਜੋੜ ਕੇ। ਸੁਜਸੁ-ਸ੍ਰੇਸਟ ਜਸ। ਭਗਤਿ ਜੋਗ-ਭਗਤੀ ਦੁਆਰਾ ਹਰੀ ਵਿਚ ਮਨ ਜੋੜਨਾ; ਸਿਮਰਨ ਨਾਲ ਮਨ ਇਕਾਗਰ ਕਰਨਾ। ਕਉ-ਨੂੰ। ਜੈਤਵਾਰੁ-ਜਿਤੱਣ ਵਾਲਾ; ਧਾਰਨ ਵਾਲਾ। ਜਨਕੁ-ਰਾਜੇ ਜਨਕ ਵਾਂਗ ਗ੍ਰਿਹਸਥ ਵਿਚ ਰਹਿ ਕੇ ਭਗਤੀ ਕਰਨ ਵਾਲਾ ਗਿਆਨਵਾਨ। ਹਰਿ ਜਨਕੁ ਉਪਾਯਉ-ਜਨਕ (ਪਿਤਾ) ਰੂਪ ਹਰੀ ਨੇ ਅਪਣਾ ਆਪ (ਰੂਪ ਤੁਹਾਨੂੰ) ਪ੍ਰਗਟ ਕੀਤਾ ਹੈ। ਪ੍ਰਕਾਸਿਓ-ਪ੍ਰਗਟ ਕੀਤਾ। ਰਸਨ-ਰਸਨਾ ਉਤੇ। ਬਸਾਯਉ-(ਬਸਾਇਅਉ ਪੜ੍ਹੋ) ਬਸਾਇਆ। ਲਾਗਿ-ਲਗ ਕੇ। ਉਤਰਿ ਆਯਉ-(ਆਇਅਉ ਬੋਲੋ) ਪ੍ਰਗਟ ਹੋ ਆਏ ਹਨ। ਉਤਮ ਪਦੁ-ਗੁਰਿਆਈ ਰੂਪ ਉਤਮ ਪਦਵੀ। ਕੀਅਉ ਨੂੰ ਕੀਓ ਅਤੇ ਅਰਜੁਨ ਨੂੰ ਅਰਜਨ ਪੜ੍ਹਨਾ ਅਸ਼ੁੱਧ ਹੈ।੧।

ਵਿਆਖਿਆ =ਕਲ੍ਹ ਭੱਟ ਜੀ ਪਹਿਲਾਂ ਅਕਾਲ ਪੁਰਖ ਨੂੰ ਧਿਆਉਂਦੇ ਹਨ, ਫਿਰ ਸੱਤਗੁਰੂ ਜੀ ਨੂੰ ਸਿਮਰ ਕੇ ਗੁਰੂ ਅਰਜਨ ਦੇਵ ਜੀ ਦਾ ਉਤਮ ਜਸ ਲਿਖਦੇ ਹਨ। ਗੁਰੂ ਅਰਜਨ ਦੇਵ ਜੀ ਨੇ ਕੋਈ ਵਿਦਿਆ ਪੜ੍ਹ ਕੇ ਜਾਂ ਕਿਸੇ ਤਜਰਬੇ ਨਾਲ ਗੁਣ ਹਾਸਲ ਨਹੀਂ ਕੀਤੇ, ਉਨ੍ਹਾਂ ਵਿਚ ਗੁਣਾਂ ਦਾ ਵਾਸਾ ਕੁਦਰਤੀ ਹੀ ਸੀ। ਉਹ ਧੁਰੋਂ ਹੀ ਗੁਣ ਲੈ ਕੇ ਸੰਸਾਰ ਵਿਚ ਪ੍ਰਗਟੇ। ਜਨਮਦਿਆਂ ਗੁਰਮਤ ਰਾਹੀਂ ਬ੍ਰਹਮ ਨੂੰ ਜਾਨਣ ਤੋਂ ਭਾਵ ਵੀ ਸਿਖਿਆ ਜਾਂ ਤਜਰਬੇ ਕਰਕੇ ਨਹੀਂ, ਗੁਰੂ ਅਰਜਨ ਦੇਵ ਜੀ ਧੁਰ ਤੋਂ ਹੀ ਗੁਰਮਤ ਦੇ ਧਾਰਣੀ ਅਤੇ ਹਰੀ ਨੂੰ ਜਾਨਣ ਵਾਲੇ ਪ੍ਰਗਟ ਹੋਏ ਹਨ। ਕਵੀ ਜੀ ਦਾ ਗੁਰੂ ਜੀ ਨੂੰ ਹਰੀ ਸਰੂਪ ਪ੍ਰਗਟ ਕਰਨ ਦਾ ਭਾਵ ਹੈ, ਜਿਵੇਂ ਅਗਲੇ ਸਵੱਈਆਂ ਵਿਚ ਆਉਂਦਾ ਹੈ,'ਗੁਰੂ ਅਰਜਨ ਪ੍ਰਤਖ ਹਰਿ'। ਕਵੀ ਜੀ ਆਸਾਂ ਤੇ ਮਨੋਰਥ ਗੁਰੂ ਅਰਜਨ ਦੇਵ ਦੀਆਂ ਪੂਰੀਆਂ ਹੋਣ ਦਾ ਜਿਕਰ ਨਹੀਂ ਕਰ ਰਹੇ। ਅਜੇ ਤਾਂ ਉਨ੍ਹਾਂ ਦੇ ਜਨਮ ਦਾ ਜਿਕਰ ਕਰਦੇ ਹਨ। ਮਨੋਰਥ ਤੇ ਆਸਾਂ ਵੱਡੇ ਹੋ ਕੇ ਪੈਦਾ ਅਤੇ ਪੂਰੀਆਂ ਹੁੰਦੀਆਂ ਹਨ। ਨਾ ਹੀ ਇਸ ਦਾ ਅਰਥ ਇਹ ਠੀਕ ਹੈ ਕਿ ਲੋਕਾਂ ਦੀਆਂ ਆਸਾਂ ਪੂਰੀਆਂ ਕੀਤੀਆਂ। ਕਵੀ ਜੀ ਕਹਿ ਰਹੇ ਹਨ ਕਿ ਗੁਰੂ ਅਰਜਨ ਦੇਵ ਜੀ ਗੁਰੂ ਰਾਮਦਾਸ ਜੀ ਦੇ ਘਰ ਵਿਚ ਪ੍ਰਗਟ ਹੋਏ ਹਨ। ਗੁਰੂ ਅਰਜਨ ਦੇਵ ਦੇ ਪ੍ਰਗਟ ਹੋਣ ਸਮੇਂ ਗੁਰਿਆਈ ਗੱਦੀ ਤੇ ਗੁਰੂ ਅਮਰਦਾਸ ਜੀ ਬਿਰਾਜਮਾਨ ਸਨ। ਗੁਰੂ ਰਾਮਦਾਸ ਜੀ ਵੀ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਸਨ। ਗੁਰੂ ਰਾਮਦਾਸ ਜੀ ਦੀਆਂ ਆਸਾਂ ਮਨੋਰਥਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਪ੍ਰਗਟ ਹੋ ਕੇ ਪੂਰਿਆਂ ਕੀਤਾ। ਗੁਰੂ ਅਮਰਦਾਸ ਜੀ ਨੇ ਦੋਹਿਤਾ ਬਾਣੀ ਕਾ ਬੋਹਿਥਾ ਅਤੇ ਬਚਪਨ ਵਿਚ ਰਿੜ੍ਹਦਿਆਂ ਪਲੰਘ ਤੇ ਚੜ੍ਹਨ ਦੀ ਕੋਸ਼ਿਸ ਕਰਨ ਸਮੇਂ ਕਿਹਾ ਸੀ ਕਿ ਵਕਤ ਆਏ ਤੋਂ ਇਸ ਤਖਤ ਤੇ ਬੈਠੇਂਗੇ। ਇਨ੍ਹਾਂ ਸਾਰੇ ਵਾਕਾਂ ਤੋਂ ਜਾਹਰ ਸੀ ਅਤੇ ਰੱਬੀ ਭੇਤ ਖੁਲ੍ਹ ਗਿਆ ਸੀ ਕਿ ਗੁਰੂ ਅਰਜਨ ਦੇਵ ਜੀ ਧੁਰ ਤੋਂ ਹੀ ਨਿਰੰਕਾਰ ਸਰੂਪ ਪ੍ਰਗਟ ਹੋਏ ਹਨ, ਜੋ ਕਿ ਭਵਿਖ ਵਿਚ ਗੁਰੂ ਬਣਨਗੇ। ਗੁਰੂ ਅਰਜਨ ਦੇਵ ਜੀ ਅਪ੍ਰੈਲ ੧੫੬੩ ਈ. ਨੂੰ ਪਰਗਟ ਹੋਏ, ਗੁਰੂ ਅਮਰਦਾਸ ਜੀ ੧੫੭੪ ਈ. ਵਿਚ ਜੋਤੀ ਜੋਤ ਸਮਾਏ ਅਤੇ ਗੁਰ ਗੱਦੀ ਗੁਰੂ ਰਾਮਦਾਸ ਜੀ ਨੂੰ ਮਿਲੀ। ਗੁਰੂ ਰਾਮਦਾਸ ਜੀ ੧੫੮੧ ਈ. ਵਿਚ ਜੋਤੀ ਜੋਤ ਸਮਾਏ ਅਤੇ ਗੁਰ ਗੱਦੀ ੧੮ ਵਰਸਾਂ ਦੀ ਉਮਰ ਵਿਚ ਗੁਰੂ ਅਰਜਨ ਦੇਵ ਜੀ ਨੂੰ ਪ੍ਰਾਪਤ ਹੋਈ। ਗੁਰੂ ਰਾਮਦਾਸ ਜੀ ਦੇ ਲਿਵਲੀਨ ਰਹਿਣ ਵਾਲੇ ਮਨ ਨੂੰ ਗੁਰੂ ਅਰਜਨ ਦੇਵ ਜੀ ਦੇ ਆਗਮਨ ਅਤੇ ਗੁਣਾਂ ਦਾ ਪਤਾ ਸੀ। ਇਹੋ ਹੀ ਰੱਬੀ ਜੋਤ ਦੇ ਪ੍ਰਗਟ ਹੋਣ ਵਾਰੇ ਆਸ਼ਾ ਤੇ ਮਨੋਰਥ ਸੀ, ਜੋ ਪੂਰਾ ਹੋਇਆ। ਧਰਮ ਦੇ ਤਿੰਨ ਰਸਤੇ ਹਨ, (੧) ਜੋਗ (੨) ਭਗਤੀ (੩) ਗਿਆਨ। ਇਹ ਤਿੰਨੇ ਇਕੱਠੇ ਕਿਸੇ ਵਿਚ ਨਹੀਂ ਹੁੰਦੇ, ਪਰ ਗੁਰੂ ਜੀ ਵਿਚ ਤਿੰਨੇ ਹਨ। ਗੁਰੂ ਜੀ ਭਗਤੀ, ਜੋਗ ਅਤੇ ਗਿਆਨ ਤਿੰਨਾਂ ਦੇ ਧਾਰਨੀ ਹਨ। ਇਹ ਤਿੰਨੇ ਨਾਮ ਜਪਣ ਨਾਲ ਸੁਤੇ ਸਿੱਧ ਹੀ ਹਾਸਲ ਹੋ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਨਿਰੰਕਾਰ ਦੇ ਭਗਤ ਹੋ ਕੇ ਪ੍ਰਗਟ ਹੋਏ। ਗੁਰੂ ਦੀ ਸਿੱਖੀ ਕਮਾ ਕੇ ਗੁਰੂ ਰੂਪ ਹੀ ਹੋ ਗਏ ਅਤੇ ਗੁਰਿਆਈ ਦੇ ਮਹਾਨ ਪਦ ਨੂੰ ਪ੍ਰਾਪਤ ਕੀਤਾ।੧।

ਬਡਭਾਗੀ ਉਨਮਾਨਿਅਉ, ਰਿਦਿ ਸਬਦੁ ਬਸਾਯਉ ॥ ਮਨੁ ਮਾਣਕੁ ਸੰਤੋਖਿਅਉ, ਗੁਰਿ ਨਾਮੁ ਦ੍ਰਿੜ੍ਹਾਯਉ ॥ (ਹੇ ਗੁਰੂ ਅਰਜਨ ਦੇਵ ਜੀ!) ਵੱਡੇ ਭਾਗਾਂ ਵਾਲਿਆਂ ਨੇ (ਆਪ ਜੀ ਨੂੰ) ਤਸੱਲੀ ਨਾਲ ਵਾਹਿਗੁਰੂ ਰੂਪ ਨਿਸਚੇ ਕੀਤਾ ਹੈ, (ਫਿਰ ਐਸੇ ਪੁਰਖਾਂ ਨੇ ਆਪ ਜੀ ਦਾ) ਉਪਦੇਸ਼ ਹਿਰਦੇ ਵਿਚ ਬਸਾਇਆ ਹੈ (ਸੰ. ਸ.; ਫ. ਸ.; ਭਾ. ਵੀਰ ਸਿੰਘ); (ਗੁਰੂ ਅਰਜਨ ਦੇਵ ਜੀ) ਵੱਡੇ ਭਾਗਾਂ ਵਾਲੇ ਹਨ (ਉਨ੍ਹਾਂ ਨੇ) ਉਨਮਨੀ ਅਵਸਥਾ ਪ੍ਰਾਪਤ ਕੀਤੀ ਹੈ ਅਤੇ ਹਿਰਦੇ ਵਿਚ ਗੁਰੂ ਦਾ ਸ਼ਬਦ ਵਸਾਇਆ ਹੈ। (ਜਿਸ ਪੁਰਖ ਨੂੰ) ਗੁਰੂ ਨੇ ਨਾਮ ਦ੍ਰਿੜ ਕਰਾ ਦਿਤਾ, ਉਸ ਦਾ ਮਨ ਮੋਤੀ ਵਾਂਗ ਸ਼ੁਧ ਤੇ ਤ੍ਰਿਪਤ ਹੋ ਗਿਆ ਹੈ; ਗੁਰੂ ਰਾਮਦਾਸ ਨੇ (ਆਪ ਜੀ ਨੂੰ) ਨਾਮ ਦ੍ਰਿੜ ਕਰਾ ਦਿਤਾ (ਜਿਸ ਨਾਲ ਗੁਰੂ ਅਰਜਨ ਦੇਵ ਜੀ ਦਾ) ਮਨ ਮੋਤੀ (ਸ਼ੁੱਧ ਕੀਮਤੀ ਮਨ) ਸੰਤੁਸਟ ਹੋ ਗਿਆ।

ਅਗਮੁ ਅਗੋਚਰੁ ਪਾਰਬ੍ਰਹਮੁ ,ਸਤਿਗੁਰਿ ਦਰਸਾਯਉ ॥ ਗੁਰੁ ਅਰਜੁਨੁ ,ਘਰਿ ਗੁਰ ਰਾਮਦਾਸ, ਅਨਭਉ ਠਹਰਾਯਉ ॥੨॥ (ਆਪ ਜੀ ਨੂੰ) ਸਤਿਗੁਰੂ (ਰਾਮ ਦਾਸ ਜੀ) ਨੇ ਅਗਮ ਅਗੋਚਰ ਪਾਰਬ੍ਰਹਮ ਦਿਖਾ ਦਿਤਾ ਹੈ। ਗੁਰੂ ਰਾਮਦਾਸ ਜੀ ਦੇ ਗ੍ਰਿਹ ਵਿਖੇ (ਪ੍ਰਗਟ ਹੋਏ) ਗੁਰੂ ਅਰਜਨ ਦੇਵ ਜੀ ਨੂੰ (ਅਸੀਂ) ਵਾਹਿਗੁਰੂ ਦਾ ਰੂਪ ਨਿਸਚੇ ਕੀਤਾ ਹੈ (ਫ. ਸ.)।੨।

ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ, ਅਨਭੈ ਠਹਰਾਇਓ।(੨੦੯)

ਪਦਾਰਥ = ਭਡਭਾਗੀ–ਵੱਡੇ ਭਾਗਾਂ ਵਾਲਾ। ਉਨਮਾਨਿਅਉ–(ਉਨਮਾਨਿਓ ਪੜ੍ਹਨਾ ਅਸ਼ੁੱਧ ਹੈ) ਤਸੱਲੀ ਨਾਲ ਨਿਸਚੇ ਕੀਤਾ; ਮਨ ਦੀ ਅਵਸਥਾ ਉਚੀ ਕੀਤੀ; ਵੀਚਾਰਿਆ ਹੈ। ਰਿਦਿ–ਹਿਰਦੇ ਵਿਚ। ਸਬਦੁ–ਉਪਦੇਸ਼; ਨਾਮ। ਮਨੁ ਮਾਣਕ–ਮਨ ਮੋਤੀ ਵਾਂਙ ਸ਼ੁੱਧ ਹੋ ਗਿਆ। ਸੰਤੋਖਿਅਉ–ਸੰਤੋਖ ਵਾਲਾ ਹੋ (ਰੱਜ) ਗਿਆ (ਸੰਤੋਖਿਓ ਨਾ ਪੜ੍ਹੋ ,ਅਖੀਰਲੇ ਅਉ ਨੂੰ ਹੋੜੇ ਦੀ ਬਜਾਏ ਕਨੌੜਾ ਬਣਾ ਕੇ ਉਚਾਰੋ)। ਗੁਰਿ–ਗੁਰੂ ਨੇ। ਦ੍ਰਿੜ੍ਹਾਯਉ–ਦ੍ਰਿੜ ਕਰਾ ਦਿਤਾ (ਦ੍ਰਿੜਾਇਅਉ ਉਚਾਰੋ)। ਅਗਮੁ–ਅਚੱਲ; ਮਨ ਬੁੱਧੀ ਦੀ ਪਹੁੰਚ ਤੋਂ ਪਰੇ। ਅਗੋਚਰ–ਅਦ੍ਰਿਸਟ। ਦਰਸਾਯਉ–(ਦਰਸਾਇਅਉ ਪੜ੍ਹੋ) ਦਿਖਾ ਦਿਤਾ। ਘਰਿ ਗੁਰ ਰਾਮਦਾਸ–ਗੁਰੂ ਰਾਮਦਾਸ ਜੀ ਦੇ ਘਰ ਵਿਚ। ਅਨਭਉ–ਵਾਹਿਗੁਰੂ ਦਾ। ਠਹਰਾਯਉ–ਟਿਕਾ ਦਿਤਾ; ਅਸਥਾਪਨ ਕੀਤਾ; ਜਾਣਿਆ; ਨਿਸਚੇ ਕੀਤਾ (ਠਹਿਰਾਇਅਉ ਉਚਾਰੋ)।੨।

ਜਨਕ ਰਾਜੁ ਬਰਤਾਇਆ, ਸਤਜੁਗੁ ਆਲੀਣਾ ॥ (ਗੁਰੂ ਅਰਜਨ ਦੇਵ ਜੀ ਨੇ) ਜਨਕ ਰਾਜੇ ਵਰਗਾ (ਗਿਆਨ ਦਾ) ਰਾਜ ਵਰਤਾ ਦਿਤਾ ਹੈ, ਭਾਵ ਜਿਵੇਂ ਰਾਜਾ ਜਨਕ ਰਾਜ ਭਾਗ ਹੁੰਦਿਆਂ ਨਿਰਲੇਪ ਰਹਿੰਦਾ ਸੀ ਤੇ ਗਿਆਨ ਵਿਚ ਵੀ ਪੂਰਾ ਸੀ, ਉਹੋ ਜਿਹਾ ਰਾਜ ਆਪ ਜੀ ਨੇ ਵਰਤਾ ਦਿਤਾ ਹੈ, (ਮਾਨੋ ਕਲਜੁਗ ਵਿਚ) ਸਤਜੁਗ ਮਿਲਾ ਦਿਤਾ ਹੈ (ਸਤਿਜੁਗ ਵਰਤ ਰਿਹਾ ਪ੍ਰਤੀਤ ਹੁੰਦਾ ਹੈ)।

ਗੁਰ ਸਬਦੇ ਮਨੁ ਮਾਨਿਆ, ਅਪਤੀਜੁ ਪਤੀਣਾ ॥ ਗੁਰੂ ਦੇ ਸ਼ਬਦ ਰਾਹੀਂ (ਜਿਨ੍ਹਾਂ ਦਾ) ਮਨ ਮੰਨ ਗਿਆ ਹੈ, (ਉਨਾਂ ਦਾ) ਨਾ ਪਤੀਜਣ ਵਾਲਾ ਮਨ ਪਤੀਜ ਗਿਆ (ਜਿਹੜਾ ਮਨ ਪਹਿਲਾਂ ਮੰਨਦਾ ਨਹੀਂ ਸੀ, ਹੁਣ ਸ਼ਰਧਾਵਾਨ ਹੋ ਗਿਆ ਹੈ; ਹਰੀ ਵਿਚ ਪੂਰਨ ਵਿਸ਼ਵਾਸ ਬੱਝ ਗਿਆ ਹੈ)।

ਗੁਰੁ ਨਾਨਕੁ ਸਚੁ ਨੀਵ ਸਾਜਿ, ਸਤਿਗੁਰ ਸੰਗਿ ਲੀਣਾ ॥ (ਜਿਵੇਂ) ਗੁਰੂ ਨਾਨਕ ਦੇਵ ਜੀ ਸਚ ਰੂਪ (ਧਰਮ ਦੀ) ਨੀਂਹ ਉਸਾਰ ਕੇ ਸੱਤਗੁਰੂ (ਅੰਗਦ ਦੇਵ ਜੀ) ਨਾਲ ਲੀਨ (ਇਕ ਮਿਕ) ਹੋ ਗਏ ਸਨ।

ਗੁਰੁ ਅਰਜੁਨੁ ,ਘਰਿ ਗੁਰ ਰਾਮਦਾਸ, ਅਪਰੰਪਰੁ ਬੀਣਾ ॥੩॥ (ਤਿਵੇਂ) ਗੁਰੂ ਰਾਮਦਾਸ ਜੀ ਦੇ ਘਰ ਵਿਚ ਗੁਰੂ ਅਰਜਨ ਦੇਵ ਜੀ ਨੂੰ ਬੇਅੰਤ ਵਾਹਿਗੁਰੂ ਦਾ ਰੂਪ ਹੀ ਦੇਖਿਆ ਹੈ; ਬੇਅੰਤ ਹਰੀ ਨੂੰ ਗੁਰੂ ਅਰਜਨ ਦੇਵ ਜੀ ਦੇਖਣ ਵਾਲੇ ਹਨ (ਸ਼ਬਦਾਰਥ)।੩।

ਦੂਜਾ ਅਰਥ = ਗੁਰੂ ਨਾਨਕ ਦੇਵ ਜੀ ਸੱਚੇ ਧਰਮ ਦੀ ਨੀਂਵ ਉਸਾਰ ਕੇ ਸੱਤਗੁਰੂ (ਨਿਰੰਕਾਰ) ਵਿਚ ਲੀਨ ਹੋ ਗਏ ਭਾਵ ਜੋਤੀ ਜੋਤ ਸਮਾ ਗਏ।ਭੱਟ ਜੀ ਆਖਦੇ ਹਨ ਕਿ ਹੁਣ ਅਸੀਂ ਗੁਰੂ ਰਾਮਦਾਸ ਜੀ ਦੇ ਗ੍ਰਹਿ ਵਿਖੇ ਪੈਦਾ ਹੋਏ ਗੁਰੂ ਅਰਜਨ ਦੇਵ ਜੀ ਨੂੰ ਅਪਰੰਪਰ ਵਾਹਿਗੁਰੂ ਦਾ ਹੀ ਰੂਪ ਦੇਖਦੇ ਹਾਂ (ਮੇਰਾ ਖਿਆਲ)।

ਪਦਾਰਥ = ਜਨਕ ਰਾਜੁ–ਗਿਆਨ ਦਾ ਰਾਜ।ਆਲੀਣਾ–ਲੀਨ ਹੋਇਆ; ਰਲਾਇਆ; ਵਰਤਾ ਦਿਤਾ ਹੈ।ਮਨੁ ਮਾਨਿਆ–ਮਨ ਮੰਨ ਗਿਆ; ਮਨ ਦੀ ਤਸੱਲੀ ਹੋ ਗਈ।ਅਪਤੀਜੁ–ਨਾ ਪਤੀਜਣ ਵਾਲਾ (ਮਨ); ਸ਼ਰਧਾ ਹੀਣ; ਵਿਸ਼ਵਾਸ ਹੀਣ।ਪਤੀਣਾ–ਪਤੀਜ ਗਿਆ।ਨੀਵ ਸਾਜਿ–(ਧਰਮ ਦੀ) ਨੀਂਹ ਉਸਾਰ ਕੇ।ਲੀਣਾ–ਲੀਨ (ਇਕ ਮਿਕ) ਹੋ ਗਏ।ਸਤਿਗੁਰ ਸੰਗਿ–ਸਤਿਗੁਰੂ ਨਾਲ।ਘਰਿ ਗੁਰ ਰਾਮਦਾਸ–ਗੁਰੂ ਰਾਮਦਾਸ ਜੀ ਦੇ ਘਰ ਵਿਚ।ਅਪਰੰਪਰ–ਬੇਅੰਤ ਵਾਹਿਗੁਰੂ।ਬੀਣਾ–ਦੇਖਦਾ ਹਾਂ; ਦੇਖਣ ਵਾਲਾ।੩।

ਵਿਆਖਿਆ = ਗੁਰੂ ਦੇ ਸ਼ਬਦ ਵਿਚ ਰੰਗੇ ਹੋਏ ਮਨ ਨੂੰ ਕਲਜੁਗ ਵਿਚ ਸਤਜੁਗ ਪ੍ਰਤੀਤ ਹੁੰਦਾ ਹੈ।ਸ਼ਬਦ ਗੁਰੂ ਦਾ ਪ੍ਰਕਾਸ਼ ਕਰਕੇ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਦੇ ਦਿਲਾਂ ਵਿਚ ਗਿਆਨ ਦਾ ਰਾਜ ਕਾਇਮ ਕਰ ਦਿਤਾ।ਗ੍ਰਿਹਸਥ ਵਿਚ ਰਹਿ ਕੇ ਨਾਮ ਸਿਮਰਨ ਵਾਲੇ ਸਿੱਖਾਂ ਨੂੰ ਗੁਰੂ ਜੀ ਨੇ ਰਾਜੇ ਜਨਕ ਵਾਂਗ ਮਾਇਆ ਵਿਚ ਉਦਾਸੀ ਬਣਾ ਦਿਤਾ।ਸੱਚੇ ਧਰਮ ਦੀ ਨੀਂਹ ਉਤੇ ਗਿਆਨ ਦਾ ਰਾਜ ਗੁਰੂ ਨਾਨਕ ਦੇਵ ਜੀ ਨੇ ਚਲਾਇਆ ਸੀ।ਭੱਟ ਜੀ ਨੂੰ ਗੁਰੂ ਅਰਜਨ ਦੇਵ ਜੀ ਵੀ ਗੁਰੂ ਨਾਨਕ ਦੇਵ ਜੀ ਦਾ ਪੰਜਵਾਂ ਰੂਪ ਹੋ ਕੇ ਓਹੀ ਰਾਜ ਚਲਾ ਰਹੇ ਪ੍ਰਤੱਖ ਦਿਖਾਈ ਦੇ ਰਹੇ ਹਨ।੩।

ਖੇਲੁ ਗੂੜ੍ਉ ਕੀਅਉ ਹਰਿ ਰਾਇ, ਸੰਤੋਖਿ ਸਮਾਚਰ੍ਹਿਓ, ਬਿਮਲ ਬੁਧਿ ਸਤਿਗੁਰਿ ਸਮਾਣਉ ॥ ਹਰੀ ਰਾਜੇ ਨੇ ਇਹ ਗੁੱਝਾ (ਨਾ ਸਮਝ ਆਉਣ ਵਾਲਾ) ਖੇਲ ਕੀਤਾ (ਰਚਿਆ) ਹੈ (ਗੁਰੂ ਅਰਜਨ ਦੇਵ ਜੀ) ਸੰਤੋਖੀ ਹਨ ਤੇ (ਹੋਰ ਦੈਵੀ ਗੁਣ) ਚੰਗੀ ਤਰ੍ਹਾਂ ਗ੍ਰਹਿਣ ਕੀਤੇ ਹੋਏ ਹਨ; ਗੁਰੂ ਅਰਜਨ ਸੰਤੋਖ ਵਿਚ ਸਮਾਇਆ ਜਾਂ ਵਿਚਰਦਾ ਹੈ (ਸ਼ਬਦਾਰਥ; ਦਰਪਣ), (ਗੁੱਝਾ ਖੇਲ ਇਹ ਕੀਤਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ) ਨਿਰਮਲ ਬੁੱਧੀ ਸੱਤਗੁਰੂ (ਨਾਨਕ ਦੇਵ ਜੀ) ਵਿਚ ਸਮਾਈ ਹੋਈ ਹੈ।

ਆਜੋਨੀ ਸੰਭਵਿਅਉ, ਸੁਜਸੁ ਕਲ੍ ਕਵੀਅਣਿ ਬਖਾਣਿਅਉ ॥ (ਗੁਰੂ ਅਰਜਨ ਦੇਵ ਜੀ) ਜੂਨਾਂ ਤੋਂ ਰਹਿਤ, ਸੁਤੇ ਪ੍ਰਕਾਸ਼ ਵਾਹਿਗੁਰੂ ਦਾ ਰੂਪ ਹਨ, (ਇਹ) ਸ੍ਰੇਸਟ ਜਸ ਕਲ੍ ਆਦਿ ਕਵੀ ਜਨਾਂ ਨੇ ਵਖਿਆਨ ਕੀਤਾ (ਗਾਇਆ) ਹੈ।

ਗੁਰਿ ਨਾਨਕਿ ਅੰਗਦੁ ਵਰ੍ਉ, ਗੁਰਿ ਅੰਗਦਿ ਅਮਰ ਨਿਧਾਨੁ ॥ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਵਰੋਸਾਇਆ, ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ (ਨਾਮ ਦਾ) ਖਜਾਨਾ ਬਖਸ਼ਿਆ (ਤੇ ਗੁਰੂ ਅਮਰਦਾਸ ਜੀ ਤੋਂ ਗੁਰੂ ਰਾਮਦਾਸ ਜੀ ਵਰੋਸਾਏ ਹਨ)।

ਗੁਰਿ ਰਾਮਦਾਸ ਅਰਜੁਨੁ ਵਰ੍ਉ, ਪਾਰਸੁ ਪਰਸੁ ਪ੍ਰਮਾਣੁ ॥੪॥ ਗੁਰੂ ਰਾਮਦਾਸ ਜੀ ਨੇ (ਗੁਰੂ) ਅਰਜਨ ਦੇਵ ਜੀ ਨੂੰ ਵਰਦਾਨ ਦਿਤਾ (ਸਾਰੇ ਗੁਰੂ ਸਾਹਿਬਾਨ ਇਉਂ ਇਕ ਰੂਪ ਹੋ ਗਏ ਜਿਵੇਂ) ਪਾਰਸ ਨੂੰ ਪਰਸਣ ਦਾ ਪ੍ਰਮਾਣ ਹੈ ਭਾਵ ਪਾਰਸ ਗੁਰੂ ਨੂੰ ਪਰਸ ਕਰਕੇ ਗੁਰੂ ਦਾ ਰੂਪ ਹੋ ਗਏ।੪।

ਪਦਾਰਥ = ਖੇਲ–ਕੌਤਕ; ਖੇਲ।ਗੂੜ੍ਉ–ਗੁਹਜ; ਗੁੱਝਾ; ਗੁਪਤ; ਅਸਚਰਜ।ਕੀਅਉ–(ਕੀਓ ਪੜ੍ਹਨਾ ਅਸ਼ੁੱਧ ਹੈ) ਕੀਤਾ; ਰਚਿਆ ਹੈ।ਹਰਿ ਰਾਇ–ਹਰੀ ਰਾਜੇ ਨੇ।ਸੰਤੋਖਿ–ਸੰਤੋਖ ਵਿਚ; ਸੰਤੋਖੀ।ਸਮਾਚਰਿਓ–ਗ੍ਰਹਿਣ ਕੀਤਾ; ਸਮਾਇਆ; ਵਿਚਰਦਾ ਹੈ (ਸ਼ਬਦਾਰਥ); ਵਰਤਣਾ।ਬਿਮਲ ਬੁਧਿ–ਨਿਰਮਲ ਬੁੱਧੀ।ਸਤਿਗੁਰਿ ਸਮਾਣਉ–ਸਤਿਗੁਰੂ ਵਿਚ ਸਮਾਈ ਹੋਈ ਹੈ।ਸੰਭਵਿਅਉ–

ਅਪਣੇ ਆਪ ਤੋਂ ਪ੍ਰਕਾਸ਼; ਆਜੋਨੀ ਸੰਭਵਿਅਉ-ਅਜਨਮਾ ਹੁੰਦੇ ਹੋਏ ਵੀ ਸ੍ਰਿਸਟੀ ਦੇ ਉਧਾਰ ਲਈ ਗੁਰੂ ਜੀ ਦੇ ਰੂਪ ਵਿਚ ਪੈਦਾ ਹੋਏ ਹਨ (ਸੰ. ਸ.; ਫ. ਸ. ਟਕਸਾਲ)। ਸੁਜਸੁ-ਸ੍ਰੇਸਟ ਜਸ। ਕਵੀਅਣਿ-ਕਵੀ ਜਨਾਂ ਨੇ। ਬਖਾਣਿਅਉ-ਉਚਾਰਿਆ ਹੈ। ਵਰ੍ਹਉ-(ਵਰਿਅਉ ਪੜ੍ਹੋ) ਵਰਦਾਨ ਦਿਤਾ; ਵਰੋਸਾਇਆ; (ਨਾਮ ਬਾਣੀ ਦੀ) ਵਰਖਾ ਕੀਤੀ। ਨਿਧਾਨੁ-ਖਜਾਨਾ। ਗੁਰਿ-ਗੁਰੂ ਨੇ। ਪ੍ਰਮਾਣੁ-ਦ੍ਰਿਸਟਾਂਤ; ਬਰਾਬਰ।੪।

ਵਿਆਖਿਆ = ਪ੍ਰਭੂ ਨੇ ਗੁੱਝਾ ਖੇਲ ਰਚਿਆ ਜੋ ਗੁਰੂ ਅਰਜਨ ਦੇਵ ਜੀ ਨੂੰ ਸੰਸਾਰ ਦਾ ਉਧਾਰ ਕਰਨ ਵਾਸਤੇ ਭੇਜਿਆ। ਸੱਤਗੁਰੂ ਅਰਜਨ ਦੇਵ ਜੀ ਦੀ ਨਿਰਮਲ ਬੁੱਧੀ ਵਿਚ ਗਿਆਨ ਸਰੂਪ ਨਿਰੰਕਾਰ ਸਮਾਇਆ ਹੋਇਆ ਸੀ, ਨਿਰੰਕਾਰ ਦਾ ਨਿਰਮਲ ਗਿਆਨ ਜਗਤ ਨੂੰ ਗੁਰੂ ਜੀ ਨੇ ਵੰਡਿਆ। ਗਿਆਨ ਦੇਣ ਦਾ ਕੋਈ ਮੁੱਲ ਨਹੀ ਲਿਆ, ਇਸ ਕਰਕੇ ਸੱਤਗੁਰੂ ਜੀ ਨੂੰ ਕਲ੍ਹ ਜੀ ਨੇ ਸੰਤੋਖੀ ਲਿਖਿਆ ਹੈ। ਸੰਤੋਖ ਵਿਚ ਰਹਿ ਕੇ ਦੈਵੀ ਗੁਣ ਗ੍ਰਹਿਣ ਕੀਤੇ। ਗੁਰੂ ਜੀ ਅਜੋਨੀ ਸੈਭੰ ਵਾਹਿਗੁਰੂ ਦਾ ਹੀ ਰੂਪ ਹਨ, ਇਸ ਗੁੱਝੇ ਭੇਦ ਨੂੰ ਜਾਣ ਕੇ ਕਲ ਕਵੀ ਨੇ ਸ੍ਰੇਸਟ ਜਸ ਗਾਇਆ ਹੈ। ਜਿਵੇਂ ਵਾਹਿਗੁਰੂ ਨੇ ਗੁਰੂ ਨਾਨਕ ਦੇਵ ਜੀ ਵਿਚ ਨਿਵਾਸ ਕੀਤਾ, ਤਿਵੇਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਵਿਚ ਨਿਵਾਸ ਕੀਤਾ, ਗੁਰੂ ਅੰਗਦ ਦੇਵ ਜੀ ਗੁਰੂ ਅਮਰਦਾਸ ਜੀ ਵਿਚ ਵਸੇ, ਗੁਰੂ ਅਮਰਦਾਸ ਜੀ ਗੁਰੂ ਰਾਮਦਾਸ ਜੀ ਵਿਚ ਵਸ ਗਏ ਅਤੇ ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਵਿਚ ਨਿਵਾਸ ਕੀਤਾ। ਨਿਵਾਸ ਕਰਨ ਵਾਲੀ ਨਿਰੰਕਾਰੀ ਜੋਤ ਇਕੋ ਹੀ ਸੀ।੪।

ਸਦ ਜੀਵਣੁ ਅਰਜੁਨੁ ਅਮੋਲੁ, ਆਜੋਨੀ ਸੰਭਉ ॥ (ਗੁਰੂ ਅਰਜਨ ਦੇਵ ਜੀ) ਸਦਾ ਜੀਵਤ ਰਹਿਣ ਵਾਲੇ ਅਮੋਲਕ (ਹਸਤੀ) ਹਨ, ਜੋਨੀਆਂ ਤੋਂ ਰਹਿਤ, ਸੁਤੇ ਪ੍ਰਕਾਸ਼ ਵਾਹਿਗੁਰੂ ਦਾ ਰੂਪ ਹਨ।

ਭਯ ਭੰਜਨੁ ਪਰ ਦੁਖ ਨਿਵਾਰੁ, ਅਪਾਰੁ ਅਨੰਭਉ ॥ (ਗੁਰੂ ਅਰਜਨ ਦੇਵ ਜੀ ਮੌਤ ਦਾ) ਡਰ ਨਾਸ਼ ਕਰਨ ਵਾਲੇ ਅਤੇ ਪਰਾਇਆਂ ਦਾ ਦੁਖ ਦੂਰ ਕਰਨ ਵਾਲੇ ਹਨ, ਬੇਅੰਤ ਤੇ ਭੈ ਰਹਿਤ ਹਨ; (ਆਪ ਦਾ) ਅਨੁਭਵ ਬੇਅੰਤ ਹੈ (ਭਾ.ਵੀਰ ਸਿੰਘ)।

ਅਗਹ ਗਹਣੁ ਭ੍ਰਮੁ ਭ੍ਰਾਂਤਿ ਦਹਣੁ, ਸੀਤਲੁ ਸੁਖ ਦਾਤਉ ॥ ਅਪਹੁੰਚ ਪ੍ਰਭੂ ਨੂੰ ਗ੍ਰਹਿਣ ਕਰਨ ਵਾਲੇ ਹਨ; ਅਪਕੜ ਮਨ ਨੂੰ ਫੜਨ ਵਾਲੇ ਹਨ, ਭਰਮ ਤੇ ਭਟਕਣਾ ਨੂੰ ਸਾੜਨ ਵਾਲੇ ਹਨ, ਸੁਖ ਸ਼ਾਂਤੀ ਦੇ ਦਾਤੇ ਹਨ; ਸੀਤਲ (ਸੁਭਾਵ ਵਾਲੇ) ਅਤੇ ਸੁੱਖਾਂ ਦੇ ਦਾਤੇ ਹਨ।

ਆਸੰਭਉ ਉਦਵਿਅਉ, ਪੁਰਖੁ ਪੂਰਨ ਬਿਧਾਤਉ ॥ ਨਾ ਜੰਮਣ ਵਾਲਾ, ਪੂਰਨ ਪੁਰਖ ਸਿਰਜਨਹਾਰ ਹਰੀ (ਮਾਨੋ ਗੁਰੂ ਅਰਜਨ ਦੇਵ ਜੀ ਦੇ ਰੂਪ ਵਿਚ) ਪੈਦਾ ਹੋ ਪਿਆ ਹੈ; ਜਨਮ ਰਹਿਤ ਪੂਰਨ ਪੁਰਖ ਵਾਹਿਗੁਰੂ ਤੋਂ ਆਪ ਪ੍ਰਗਟੇ ਹਨ (ਭਾ.ਵੀਰ ਸਿੰਘ)।

ਨਾਨਕ ਆਦਿ ਅੰਗਦ ਅਮਰ, ਸਤਿਗੁਰ ਸਬਦਿ ਸਮਾਇਅਉ ॥ ਪਹਿਲੇ ਸੱਤਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ (ਤੇ ਗੁਰੂ ਰਾਮਦਾਸ ਜੀ) ਸੱਤਗੁਰੂ ਦੇ ਸਬਦ ਵਿਚ ਲੀਨ ਹੋਏ ਹਨ; ਸੱਤਗੁਰੂ ਦੇ ਸ਼ਬਦ ਰਾਹੀਂ ਵਾਹਿਗੁਰੂ ਵਿਚ ਲੀਨ ਹੋਏ ਹਨ (ਸੰ. ਸ.; ਫ.ਸ.)।

ਧਨੁ ਧੰਨੁ ਗੁਰੂ ਰਾਮਦਾਸ ਗੁਰੁ, ਜਿਨਿ ਪਾਰਸੁ ਪਰਸਿ ਮਿਲਾਇਅਉ ॥੫॥ ਪੂਜਨੀਕ ਗੁਰੂ ਰਾਮਦਾਸ ਜੀ ਧੰਨ ਧੰਨ ਹਨ, ਜਿਸ ਪਾਰਸ ਰੂਪ (ਗੁਰੂ) ਨੇ ਗੁਰੂ ਅਰਜਨ ਦੇਵ ਨੂੰ ਪਰਸ ਕੇ ਅਪਣੇ ਨਾਲ ਮਿਲਾ ਲਿਆ (ਅਪਣੇ ਵਰਗਾ ਕਰ ਦਿਤਾ) ਹੈ।੫।

ਪਦਾਰਥ = ਸਦ ਜੀਵਣੁ-ਸਦਾ ਜੀਵਤ ਰਹਿਣ ਵਾਲਾ। ਅਮੋਲੁ-ਅਮੋਲਕ। ਆਜੋਨੀ-ਜੋਨੀਆਂ ਤੋਂ ਰਹਿਤ। ਸੰਭਉ-ਸੈਭੰ-ਸੁਤੇ ਪ੍ਰਕਾਸ਼। ਭਯ ਭੰਜਨੁ-ਡਰ ਨਾਸ਼ਕ। ਪਰ-ਪਰਾਇਆਂ (ਦੂਜਿਆਂ) ਦਾ। ਨਿਵਾਰੁ-ਦੂਰ ਕਰਨ ਵਾਲਾ। ਅਪਾਰੁ-ਬੇਅੰਤ। ਅਨੰਭਉ-ਭੈ ਰਹਿਤ; ਅਨੁਭਵ। ਅਗਹ ਗਹਣੁ-ਅਪਹੁੰਚ ਹਰੀ ਨੂੰ ਗ੍ਰਹਿਣ ਕਰਨ ਵਾਲੇ ਹਨ; ਜਿਹੜਾ ਮਨ ਫੜਿਆ ਨਹੀਂ ਜਾਂਦਾ, ਉਸਨੂੰ ਫੜਨ ਵਾਲੇ ਹਨ। ਭ੍ਰਾਂਤਿ-ਭਟਕਣਾ। ਦਹਣੁ-ਸਾੜਨ ਵਾਲੇ। ਦਾਤਉ-ਦਾਤਾ। ਆਸੰਭਉ-ਅਜਨਮਾ (ਜੋ ਜਨਮਦਾ ਨਹੀਂ)। ਉਦਵਿਅਉ-ਪੈਦਾ ਹੋਇਆ ਹੈ। ਬਿਧਾਤਉ-ਕਰਤਾਰ। ਆਦਿ-ਪਹਿਲਾਂ ਤੋਂ ਲੈ ਕੇ। ਸਤਿਗੁਰ ਸਬਦਿ-ਸਤਿਗੁਰੂ ਦੇ ਸ਼ਬਦ ਵਿਚ। ਸਮਾਇਅਉ-ਲੀਨ ਹੋਇਆ ਹੈ। ਜਿਨਿ-ਜਿਸ ਨੇ। ਪਰਸਿ-ਪਰਸ ਕੇ; ਛੋਹ ਕੇ। ਮਿਲਾਇਅਉ-ਮਿਲਾ ਲਿਆ ਹੈ।੫।

ਜੈ ਜੈ ਕਾਰੁ ਜਾਸੁ ਜਗ ਅੰਦਰਿ, ਮੰਦਰਿ ਭਾਗੁ, ਜੁਗਤਿ ਸਿਵ ਰਹਤਾ ॥ ਜਿਸ (ਗੁਰੂ ਅਰਜਨ ਦੇਵ ਜੀ) ਦੀ ਜੈ ਜੈ ਕਾਰ (ਮਹਿਮਾਂ) ਜਗਤ ਵਿਚ ਹੋ ਰਹੀ ਹੈ, (ਉਹ) ਭਾਗ ਭਰੇ ਹਿਰਦੇ ਘਰ ਵਿਚ ਨਿਰੰਕਾਰ ਨਾਲ ਜੁੜੇ ਰਹਿੰਦੇ ਹਨ; ਭਾਗ ਭਰੇ ਹਿਰਦੇ ਵਾਲੇ ਹਨ।

ਗੁਰੁ ਪੂਰਾ ਪਾਯਉ ਬਡਭਾਗੀ, ਲਿਵ ਲਾਗੀ ਮੇਦਨਿ ਭਰੁ ਸਹਤਾ ॥ (ਭੱਟ ਕਲ ਸਹਾਰ ਆਖਦਾ ਹੈ ਕਿ ਮੈਂ ਐਸਾ) ਪੂਰਾ ਗੁਰੂ ਵੱਡੇ ਭਾਗਾਂ ਨਾਲ ਪਾਇਆ ਹੈ; (ਗੁਰੂ ਅਰਜਨ ਦੇਵ ਜੀ ਨੇ) ਵੱਡੇ ਭਾਗਾਂ ਨਾਲ ਪੂਰਨ ਗੁਰੂ ਪਾਇਆ ਹੈ (ਫ. ਸ.; ਦਰਪਣ, ਜਿਸ ਦੀ)

ਬ੍ਰਿਤੀ ਹਰੀ ਵਿਚ ਜੁੜੀ ਹੋਈ ਹੈ (ਅਤੇ ਜੋ) ਧਰਤੀ ਦਾ ਭਾਰ ਸਹਾਰਦਾ (ਆਸਰਾ ਦਿੰਦਾ) ਹੈ।

ਭਯ ਭੰਜਨੁ ਪਰ ਪੀਰ ਨਿਵਾਰਨੁ, ਕਲ੍ਯ੍ਯ ਸਹਾਰੁ ਤੋਹਿ ਜਸੁ ਬਕਤਾ ॥ (ਹੇ ਗੁਰੂ ਅਰਜਨ ਦੇਵ ਜੀ! ਆਪ ਮੌਤ ਦਾ) ਡਰ ਨਾਸ਼ ਕਰਨ ਵਾਲੇ, ਪਰਾਈ ਪੀੜ ਦੂਰ ਕਰਨ ਵਾਲੇ ਹੋ, ਕਲ੍ਯ੍ਯ ਸਹਾਰ ਭੱਟ ਆਪ ਜੀ ਦਾ ਜਸ ਆਖਦਾ ਹੈ।

ਕੁਲਿ ਸੋਢੀ ਗੁਰ ਰਾਮਦਾਸ ਤਨੁ, ਧਰਮ ਧੁਜਾ ਅਰਜੁਨੁ ਹਰਿ ਭਗਤਾ ॥੬॥ ਗੁਰ ਅਰਜਨ ਦੇਵ ਜੀ ਸੋਢੀ ਕੁਲ ਵਿਚ ਗੁਰੂ ਰਾਮਦਾਸ ਜੀ ਦੇ ਪੁਤ੍ਰ ਹਨ ਅਤੇ ਧਰਮ ਦੀ ਧੁਜਾ ਅਤੇ ਹਰੀ ਦੇ ਭਗਤ ਹਨ।੬।

ਪਦਾਰਥ = ਜੈ ਜੈ ਕਾਰੁ-ਮਹਿਮਾਂ; ਵਡਿਆਈ। ਜਾਸੁ-ਜਿਸ (ਗੁਰੂ) ਦੀ। ਮੰਦਰਿ ਭਾਗੁ-ਰਿਦਾ ਘਰ ਭਾਗਸ਼ਾਲੀ ਹੈ; ਭਾਗਯ ਦਾ ਮੰਦਰ ਭਾਵ ਸੰਪਦਾ ਦਾ ਘਰ (ਮ. ਕੋ.)। ਜੁਗਤਿ ਸਿਵ ਰਹਤਾ-ਕਲਿਆਣ ਸਰੂਪ ਨਿਰੰਕਾਰ ਜੁੜਿਆ ਰਹਿੰਦਾ ਹੈ। ਬਡਭਾਗੀ-ਵੱਡੇ ਭਾਗਾਂ ਨਾਲ। ਮੇਦਨਿ-ਧਰਤੀ। ਭਰੁ-ਬੋਝ। ਸਹਤਾ-ਸਹਾਰਦਾ ਹੈ। ਭਯ ਭੰਜਨੁ-ਡਰ ਨਾਸ਼ ਕਰਨ ਵਾਲਾ। ਪਰ ਪੀਰ-ਪਰਾਈ ਪੀੜ। ਨਿਵਾਰਨੁ-ਦੂਰ ਕਰਨ ਵਾਲਾ। ਕਲ੍ਯ੍ਯ ਸਹਾਰ-ਭੱਟ ਦਾ ਨਾਮ। ਤੋਹਿ-ਤੇਰਾ। ਬਕਤਾ-ਆਖਦਾ ਹੈ। ਕੁਲਿ ਸੋਢੀ-ਸੋਢੀ ਕੁਲ ਵਿਚ। ਤਨੁ-ਪੁਤ੍ਰ। ਧਰਮ ਧੁਜਾ-ਧਰਮ ਦਾ ਝੰਡਾ। ਹਰਿ ਭਗਤਾ-ਹਰੀ ਦਾ ਭਗਤ।੬।

ਵਿਆਖਿਆ = ਕਲ ਸਹਾਰ ਜੀ ਨੇ ਵੱਡੇ ਭਾਗਾਂ ਨਾਲ ਸੁਭਾਗ ਦਾ ਭੰਡਾਰ ਹਰੀ ਨਾਲ ਜੁੜਿਆ ਹੋਇਆ ਪੂਰਾ ਗੁਰੂ ਪ੍ਰਾਪਤ ਕੀਤਾ ਹੈ। ਗੁਰੂ ਜੀ ਪ੍ਰਿਥਵੀ ਦੇ ਲੋਕਾਂ ਦੇ ਪਾਪਾਂ ਦੇ ਭਾਰ ਨੂੰ ਨਸ਼ਟ ਕਰਦੇ ਹਨ, ਇਸ ਲਈ ਜਗਤ ਦਾ ਸਹਾਰਾ ਹਨ। ਇਸੇ ਕਰਕੇ ਹਰੀ ਦੇ ਭਗਤ ਗੁਰੂ ਜੀ ਨੂੰ ਧਰਮ ਦੇ ਧੁਜਾ ਆਖਿਆ ਹੈ।੬।

ਧ੍ਰੰਮ ਧੀਰੁ ਗੁਰਮਤਿ ਗਭੀਰੁ, ਪਰ ਦੁਖ ਬਿਸਾਰਣੁ ॥ ਧੀਰਜ (ਗੁਰੂ ਅਰਜਨ ਦੇਵ ਜੀ ਦਾ) ਧਰਮ ਹੈ, ਗੁਰਮਤ ਦੀ ਡੂੰਘੀ ਬਿਚਾਰ ਵਾਲੇ ਹਨ (ਜਾਂ ਗੁਰੂ ਦੀ ਸਿਖਿਆ ਧਾਰਨ ਕੀਤੀ ਹੋਈ ਹੋਣ ਕਰਕੇ) ਗੰਭੀਰ ਦਿਲ ਵਾਲੇ ਹਨ (ਆਪ ਨੇ ਧਰਮ ਦੇ ਵੱਡੇ ਗੁਣ ਧੀਰਜ ਅਤੇ ਗੰਭੀਰਤਾ ਗੁਰੂ ਦੀ ਸਿਖਿਆ ਰਾਹੀਂ ਅਪਣਾਏ ਹੋਏ ਹਨ) ਅਤੇ ਦੂਜਿਆਂ ਦੇ ਦੁੱਖ ਦੂਰ ਕਰਨ ਵਾਲੇ ਹਨ (ਦੁੱਖਾਂ ਦੀ ਜੜ ਹਰੀ ਵਲੋਂ ਭੁੱਲ ਹੈ, ਉਸ ਭੁੱਲ ਨੂੰ ਦੂਰ ਕਰਦੇ ਹਨ)।

ਸਬਦ ਸਾਰੁ ਹਰਿ ਸਮ ਉਦਾਰੁ, ਅਹੰਮੇਵ ਨਿਵਾਰਣੁ ॥ (ਗੁਰੂ ਅਰਜਨ ਦੇਵ ਜੀ) ਹਰੀ ਵਾਂਗ ਵਿਸ਼ਾਲ ਚਿਤ ਵਾਲੇ ਹਨ (ਉਨ੍ਹਾਂ ਦੇ) ਸ੍ਰੇਸਟ ਸ਼ਬਦ ਹਨ, (ਜੋ ਗੁਰਸਿੱਖਾਂ ਦਾ) ਹੰਕਾਰ ਦੂਰ ਕਰਨ ਵਾਲੇ ਹਨ।

ਮਹਾ ਦਾਨਿ ਸਤਿਗੁਰ ਗਿਆਨਿ, ਮਨਿ ਚਾਉ ਨ ਹੁਟੈ ॥ (ਆਪ) ਵੱਡੇ ਦਾਨੀ ਹਨ, ਗੁਰੂ ਦੇ ਗਿਆਨ ਵਾਲੇ ਹਨ (ਤੇ ਆਪ ਦੇ) ਮਨ ਵਿਚੋਂ (ਗਿਆਨ ਦੀ ਦਾਤ ਦੇਣ ਦਾ) ਚਾਉ ਹਟਦਾ (ਮੁੱਕਦਾ) ਨਹੀਂ ਹੈ।

ਸਤਿਵੰਤੁ ਹਰਿ ਨਾਮੁ ਮੰਤ੍ਰ ,ਨਵ ਨਿਧਿ ਨ ਨਿਖੁਟੈ ॥ (ਆਪ) ਸੱਤਵਾਦੀ (ਸੱਚ ਦੇ ਧਾਰਨੀ) ਹੋ, ਆਪ ਦੇ ਪਾਸ ਨੌਂ ਨਿਧੀਆਂ ਦਾ ਖਜਾਨਾ ਨਾਮ ਰੂਪ ਮੰਤ੍ਰ ਹੈ (ਉਹ ਵੰਡਦਿਆਂ ਆਪ ਕੋਲੋਂ) ਮੁੱਕਦਾ ਨਹੀ ਹੈ।

ਗੁਰ ਰਾਮ ਦਾਸ ਤਨੁ ਸਰਬ ਮੈ, ਸਹਜਿ ਚੰਦੋਆ ਤਾਣਿਅਉ ॥ ਗੁਰੂ ਰਾਮਦਾਸ ਜੀ ਦੇ ਪੁੱਤਰ, ਹੇ ਗੁਰੂ ਅਰਜਨ ਦੇਵ ਜੀ! (ਆਪ ਜੀ) ਸਰਬ ਰੂਪ ਹੋ (ਸਰਬ ਵਿਆਪਕ ਪ੍ਰਭੂ ਦਾ ਰੂਪ ਹੋ), ਸਾਰੇ (ਜਗਤ) ਵਿਚ ਸਹਿਜ (ਸ਼ਾਂਤੀ ਜਾਂ ਸਹਿਜ ਅਵਸਥਾ) ਦਾ ਚੰਦੋਆ ਤਾਣਿਆ ਹੈ (ਪੂਰਨ ਸ਼ਾਂਤੀ ਵਾਲਾ ਆਲਾ ਦੁਆਲਾ ਪੈਦਾ ਕਰ ਦਿਤਾ ਹੈ)।

ਗੁਰ ਅਰਜੁਨ ਕਲ੍ਯ੍ਯੁਚਰੈ, ਤੈ ਰਾਜ ਜੋਗ ਰਸੁ ਜਾਣਿਅਉ ॥੭॥ ਭੱਟ ਕਲ੍ਯ੍ਯ ਜੀ ਉਚਾਰਦੇ ਹਨ, ਹੇ ਗੁਰੂ ਅਰਜਨ ਦੇਵ ਜੀ! ਤੁਸੀਂ ਰਾਜ ਤੇ ਜੋਗ ਦਾ ਅਨੰਦ ਜਾਣਿਆ (ਸਮਝਿਆ) ਹੈ।੭।

ਪਦਾਰਥ = ਧ੍ਰੰਮ ਧੀਰੁ-(ਧਰੰਮ ਪੜ੍ਹੋ) ਧਰਮ ਦਾ ਧੀਰਜ। ਪਰ-ਦੂਜਿਆਂ ਦਾ। ਬਿਸਾਰਣੁ-(ਵਿਸਰਜਨ) ਦੂਰ ਕਰ ਦੇਣ ਵਾਲਾ। ਸਾਰੁ-ਸ੍ਰੇਸਟ। ਹਰਿ ਸਮ-ਹਰੀ ਵਾਂਙ। ਉਦਾਰੁ-ਦਾਨੀ; ਖੁਲ੍ਹੇ ਦਿਲ ਵਾਲਾ। ਅਹੰਮੇਵ-ਹੰਕਾਰ। ਨਿਵਾਰਣੁ-ਦੂਰ ਕਰਨ ਵਾਲਾ। ਮਹਾ ਦਾਨਿ-ਵੱਡਾ ਦਾਨੀ। ਗਿਆਨਿ-ਗਿਆਨ ਵਾਲਾ। ਮਨਿ-ਮਨ ਵਿਚੋਂ। ਹੁਟੈ-ਹਟਦਾ ਜਾਂ ਮੁੱਕਦਾ ਨਹੀਂ। ਸਤਿਵੰਤੁ-ਸੱਤਵਾਦੀ; ਸੱਚ ਦਾ ਧਾਰਨੀ। ਨਵ ਨਿਧੀ-ਨੌਂ ਨਿਧੀਆਂ ਦਾ ਖਜਾਨਾ। ਨ ਨਿਖੁਟੈ-ਮੁੱਕਦਾ ਨਹੀਂ। ਤਨੁ-ਪੁੱਤ੍ਰ। ਸਰਬ ਮੈ-ਸਰਬ ਵਿਆਪਕ ਹਰੀ ਦਾ ਰੂਪ ;ਸਾਰਿਆਂ ਵਿਚ; ਸਰਬ ਦੀ ਆਤਮਾ ਦਾ ਰੂਪ। ਸਹਜਿ-ਸ਼ਾਂਤੀ; ਸਹਿਜ ਅਵਸਥਾ। ਚੰਦੋਆ-ਚਾਨਣੀ। ਤਾਣਿਅਉ-ਤਾਣਿਆ ਹੈ। ਕਲ੍ਯ੍ਯੁਚਰੈ-(ਕੱਲ੍ਯ੍ਯ-ਉਚਰੈ ਪੜ੍ਹੋ) ਕਲ ਭੱਟ ਉਚਾਰਦਾ ਹੈ। ਤੈ-ਤੁਸੀਂ। ਰਾਜ ਜੋਗ-ਸੰਸਾਰਕ ਕੰਮ ਕਾਜ ਕਰਦੇ ਹੋਏ (ਰਾਜਿਆਂ ਵਾਂਗ ਰਹਿੰਦਿਆਂ) ਹਰੀ ਨਾਲ ਮਨ ਜੋੜਨਾ; ਭੋਗਾਂ ਵਿਚ ਵਸਦਿਆਂ ਮਨ ਦੀਆਂ ਬਿਰਤੀਆਂ ਦਾ ਦੌੜਨੋਂ ਹਟ ਜਾਣਾ; ਗ੍ਰਿਹਸਤੀ ਹੋ ਕੇ ਨਿਰਲੇਪ ਰਹਿਣਾ; ਯੋਗ ਮੱਤ ਅਨੁਸਾਰ ਮਨ ਦੀ ਬ੍ਰਿਤੀ ਦਾ ਨਿਰ ਵਿਕੱਲਪ ਹੋਣਾ ਰਾਜ ਜੋਗ ਹੈ {ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ ੨੧੧}। ਰਸੁ-ਅਨੰਦ। ਜਾਣਿਅਉ-ਜਾਣਿਆ ਹੈ।੭।

ਵਿਆਖਿਆ = ਗੁਰੂ ਅਰਜਨ ਦੇਵ ਜੀ ਭੁੱਲੇ ਭਟਕੇ ਲੋਕਾਂ ਨੂੰ ਨਾਮ ਨਾਲ ਜੋੜ ਕੇ ਦੁਖ ਦੂਰ ਕਰਦੇ ਹਨ। ਜਿਵੇਂ ਕੋਈ ਬੜੇ ਦਿਲ ਵਾਲਾ ਧਨ ਦਾ ਦਾਨ ਕਰੀ ਜਾਂਦਾ ਹੈ, ਇਸੇ ਤਰ੍ਹਾਂ ਗੁਰੂ ਜੀ ਕੋਲ ਨਾਮ ਦਾ ਅਮੁੱਕ ਖਜਾਨਾ ਹੈ, ਉਸ ਵਿਚੋਂ ਨਾਮ ਦਾ ਦਾਨ ਸੰਗਤਾਂ ਨੂੰ ਖੁਲ੍ਹਾ ਵੰਡੀ ਜਾਂਦੇ ਹਨ। ਇਹ ਦਾਨ ਦੇਂਦੇ ਆਪ ਥਕਦੇ ਨਹੀਂ। ਹੰਕਾਰੀ ਲੋਕਾਂ ਕੋਲ ਨਾਮ ਠਹਿਰ ਨਹੀਂ ਸਕਦਾ, ਪਹਿਲਾਂ ਉਨ੍ਹਾਂ ਨੂੰ ਸੇਵਾ ਵਿਚ ਲਗਾ ਕੇ ਹੰਕਾਰ ਦੂਰ ਕਰਦੇ ਹਨ। ਸਹਿਜ ਜੋਗ ਦਾ ਅਨੰਦ ਕੇਵਲ ਆਪ ਖੁਦ ਨੇ ਹੀ ਨਹੀਂ ਮਾਣਿਆ, ਸੱਗੋਂ ਸਹਿਜ ਦਾ ਐਸਾ ਚੰਦੋਆ ਤਾਣਿਆ ਜਿਸ ਦੀ ਛਾਂ ਹੇਠ ਸਭ ਗੁਰ ਸਿਖ ਸੰਗਤਾਂ ਅਨੰਦ ਮਾਣਦੀਆਂ ਹਨ।੭।

ਅੰਗ ੧੪੦੮ = ਭੈ ਨਿਰਭਉ ਮਾਣਿਅਉ, ਲਾਖ ਮਹਿ ਅਲਖੁ ਲਖਾਯਉ ॥ ਭੈ ਰੂਪ ਸੰਸਾਰ ਵਿਚ ਆਪ ਜੀ ਨੇ ਨਿਰਭੈ ਹਰੀ ਦਾ ਅਨੰਦ ਮਾਣਿਆ ਹੈ; ਰੱਬੀ ਭੈ ਵਿਚ ਰਹਿ ਕੇ ਭੈ ਰਹਿਤ ਪ੍ਰਭੂ ਦਾ ਅਨੰਦ ਮਾਣਿਆ ਹੈ ਤੇ ਲੱਖਾਂ ਜੀਵਾਂ (ਸਾਰੇ ਵਿਸ਼ਵ) ਵਿਚ ਵਿਆਪਕ ਅਲੱਖ ਪ੍ਰਭੂ ਨੂੰ ਜਣਾ ਦਿਤਾ ਹੈ (ਅਦ੍ਰਿਸਟ ਵਾਹਿਗੁਰੂ ਦਿਖਾ ਦਿਤਾ) ਸੰ.ਸ. ।

ਅਗਮੁ ਅਗੋਚਰ ਗਤਿ ਗਭੀਰੁ ,ਸਤਿਗੁਰਿ ਪਰਚਾਯਉ ॥ ਅਗਮ ਅਗੋਚਰ ਗੰਭੀਰ ਅਵਸਥਾ ਵਾਲੇ ਹਰੀ ਦਾ ਆਪ ਨੂੰ ਸੱਤਗੁਰੂ ਰਾਮਦਾਸ ਜੀ ਨੇ ਗਿਆਨ ਕਰਾ ਦਿਤਾ ਹੈ; ਸੱਤਗੁਰੂ ਨੇ ਐਸੇ ਅਪਹੁੰਚ ਹਰੀ ਨਾਲ ਵਾਕਫੀ ਪਾ ਦਿਤੀ (ਸ਼ਬਦਾਰਥ)।

ਗੁਰ ਪਰਚੈ ਪਰਵਾਣੁ, ਰਾਜ ਮਹਿ ਜੋਗੁ ਕਮਾਯਉ ॥ ਗੁਰੂ ਦੇ ਗਿਆਨ ਕਰਕੇ ਆਪ (ਜਗਤ ਵਿਚ ਅਤੇ ਰੱਬੀ ਦਰਬਾਰ ਵਿਚ) ਪ੍ਰਵਾਨ ਹੋਏ ਹੋ ਅਤੇ ਰਾਜ ਵਿਚ ਜੋਗ ਕਮਾਇਆ ਹੈ (ਮਾਇਕ ਪਦਾਰਥਾਂ ਵਿਚ ਰਹਿ ਕੇ ਨਾਮ ਸਿਮਰਨ ਕਰਦੇ ਰਹੇ ਹੋ)।

ਧੰਨਿ ਧੰਨਿ ਗੁਰੁ ਧੰਨਿ, ਅਭਰ ਸਰ ਸੁਭਰ ਭਰਾਯਉ ॥ ਗੁਰੂ (ਅਰਜਨ ਦੇਵ ਜੀ) ਮਨ ਬਾਣੀ ਅਤੇ ਸਰੀਰ ਕਰਕੇ ਧੰਨਤਾ ਦੇ ਯੋਗ ਹਨ, ਜਿਨ੍ਹਾਂ ਨੇ ਖਾਲੀ ਹਿਰਦੇ ਰੂਪ ਸਰੋਵਰਾਂ ਨੂੰ (ਨਾਮ ਰੂਪ ਜਲ) ਨਾਲ ਨਕੋ ਨਕ (ਪੂਰੀ ਤਰ੍ਹਾਂ) ਭਰ ਦਿਤਾ ਹੈ।

ਗੁਰ ਗਮ ਪ੍ਰਮਾਣਿ ਅਜਰੁ ਜਰਿਓ, ਸਰਿ ਸੰਤੋਖ ਸਮਾਇਯਉ ॥ ਗੁਰੂ ਰਾਮਦਾਸ ਜੀ ਦੇ ਬਰਾਬਰ ਪਹੁੰਚ ਹੋ ਜਾਣ ਕਰਕੇ ਆਪ ਨੇ ਅਜਰ ਅਵਸਥਾ ਨੂੰ ਜਰਿਆ ਹੈ ਤੇ ਆਪ ਜੀ ਸੰਤੋਖ ਦੇ ਸਰੋਵਰ (ਵਾਹਿਗੁਰੂ) ਵਿਚ ਲੀਨ ਰਹਿੰਦੇ ਹੋ।

ਗੁਰ ਅਰਜੁਨ ਕਲ੍ਯੁਚਰੈ, ਤੈ ਸਹਜਿ ਜੋਗੁ ਨਿਜੁ ਪਾਇਯਉ ॥੮॥ ਕਲ੍ਯ ਜੀ ਉਚਾਰਦੇ ਹਨ ਕਿ ਹੇ ਗੁਰੂ ਅਰਜਨ ਦੇਵ ਜੀ! ਆਪ ਨੇ ਸੁਤੇ ਸਿਧ ਹੀ ਨਿਜ ਸਰੂਪ ਵਾਲਾ ਹਰੀ ਮਿਲਾਪ ਪਾਇਆ ਹੈ (ਸ਼ਬਦਾਰਥ; ਸੰ.ਸ.); ਅਸਲੀ ਸਹਿਜ ਜੋਗ ਪਾਇਆ ਹੈ।੮।

ਪਦਾਰਥ = ਭੈ ਨਿਰਭਉ-ਭਵ (ਸੰਸਾਰ) ਵਿਚ ਨਿਰਭਉ ਹਰੀ ਦਾ; ਦੁਨਿਆਵੀ ਭੈ ਤੋਂ ਨਿਰਭਉ ਹੋ ਕੇ; ਹਰੀ ਦੇ ਭੈ ਵਿਚ ਰਹਿ ਕੇ ਨਿਰਭਉ ਹਰੀ ਦਾ। ਮਾਣਿਅਉ-ਮਾਣਿਆ ਹੈ। ਲਾਖ ਮਹਿ-ਲੱਖਾਂ (ਜੀਵਾਂ) ਵਿਚ; ਸਭ ਵਿਚ ਵਿਆਪਕ। ਲਖਾਯਉ-(ਲਖਾਇਅਉ ਬੋਲੋ) ਅਨੁਭਵ (ਗਿਆਨ) ਕਰਾ ਦਿਤਾ; ਜਣਾ ਦਿਤਾ; ਦਿਖਾ ਦਿਤਾ। ਅਗਮ-ਅਪਹੁੰਚ। ਅਗੋਚਰ-ਗੁਪਤ; ਜੋ ਇੰਦ੍ਰੀਆਂ ਦਾ ਵਿਸ਼ਾ ਨਹੀ; ਪ੍ਰਤੱਖ ਨਾ ਦਿਸਣ ਵਾਲਾ। ਗਤਿ ਗਭੀਰ-ਗੰਭੀਰ ਅਵਸਥਾ ਵਾਲਾ। ਸਤਿਗੁਰਿ-ਸਤਿਗੁਰੂ (ਰਾਮਦਾਸ ਜੀ) ਨੇ। ਪਰਚਾਯਉ-(ਪਰਚਾਇਅਉ ਬੋਲੋ) ਗਿਆਨ (ਜਾਣੂ) ਕਰਾ ਦਿਤਾ; ਵਾਕਫੀ ਜਾਂ ਜਾਣਕਾਰੀ ਕਰਾਉਣੀ; ਲਗਾ ਦਿਤਾ; ਪ੍ਰਵਿਰਤ ਕਰਾ ਦਿਤਾ; ਰਚਾ ਮਚਾ ਦਿਤਾ। ਗੁਰ ਪਰਚੈ-ਗੁਰੂ ਦੇ ਗਿਆਨ ਕਰਕੇ; ਗੁਰੂ ਦੀ ਵਾਕਫੀ ਨਾਲ। ਪਰਵਾਣੁ-ਕਬੂਲ ਹੋਏ। ਅਭਰ ਸਰ-ਨਾ ਭਰੇ ਹੋਏ (ਖਾਲੀ) ਹਿਰਦੇ ਰੂਪ ਸਰੋਵਰਾਂ ਨੂੰ; ਉਹ ਚਿਤ ਜਿਸ ਵਿਚ ਬਿਰਤੀਆਂ ਦੀ ਲਹਿਰਾਂ ਨੇ ਅਸ਼ਾਂਤੀ, ਅਤ੍ਰਿਪਤੀ ਤੇ ਤ੍ਰਿਸ਼ਨਾ ਉਪਜਾ ਦਿਤੀ। ਸੁਭਰ-ਚੰਗੀ ਤਰ੍ਹਾਂ; ਨਕੋ ਨਕ। ਭਰਾਯਉ-(ਭਰਾਇਅਉ ਬੋਲੋ) ਭਰ ਦਿਤਾ; ਸੁਭਰ ਭਰਾਯਉ-ਪੂਰਨ ਤ੍ਰਿਪਤੀ ਕਰਾ ਦਿਤੀ। ਗੁਰ ਗਮ ਪ੍ਰਮਾਣਿ-ਗੁਰੂ ਦੇ ਬਰਾਬਰ ਦੀ ਪਹੁੰਚ; ਗੁਰੂ ਦੀ ਬਖਸ਼ੀ ਗੰਮਤਾ (ਉਚੀ ਪਹੁੰਚ) ਨਾਲ ਪ੍ਰਾਪਤ ਕੀਤਾ ਪ੍ਰਮਾਣ (ਸਬੂਤ)। ਅਜਰ-ਨਾ ਜਰੇ ਜਾਣ ਵਾਲੀ ਅਵਸਥਾ। ਜਰਿਓ-ਸਹਾਰਿਆ। ਸਰਿ ਸੰਤੋਖ-ਸੰਤੋਖ ਦੇ ਸਰੋਵਰ (ਵਾਹਿਗੁਰੂ) ਵਿਚ। ਸਮਾਇਯਉ-ਲੀਨ ਰਹਿੰਦੇ ਹਨ। ਕਲ੍ਯੁਚਰੈ-ਕਲ੍ਯ ਭੱਟ ਉਚਾਰਨ ਕਰਦਾ ਹੈ। ਤੈ-ਤੈਂ। ਸਹਜਿ ਜੋਗੁ-ਜਦ ਆਤਮਾ ਪ੍ਰਮਾਤਮਾ ਵਿਚ ਟਿਕ ਜਾਂਦੀ ਹੈ; ਆਤਮਾ ਤੇ ਪ੍ਰਮਾਤਮਾ ਦਾ ਪੂਰਨ ਮਿਲਾਪ; ਸੁਤੇ ਸਿਧ ਵਾਹਿਗੁਰੂ ਨਾਲ ਲਗਾਤਾਰ ਮਿਲਾਪ ਦੀ ਅਵਸਥਾ। ਨਿਜੁ-ਨਿਜ ਸਰੂਪ; ਅਸਲੀ; ਖਾਸ। ਕਮਾਯਉ ਨੂੰ ਕਮਾਇਅਓ, ਸਮਾਇਯਉ ਨੂੰ ਸਮਾਇਅਓ ਤੇ ਪਾਇਯਉ ਨੂੰ ਪਾਇਅਓ ਉਚਾਰੋ।੮।

ਵਿਆਖਿਆ = 'ਭੈ ਨਿਰਭਉ ਮਾਣਿਅਉ' ਦੇ ਅਰਥ ਹੋਰ ਵੀ ਹਨ = ਭੈ ਤੋਂ ਨਿਰਭੈ ਹੋ ਕੇ ਰਾਜ ਜੋਗ ਦਾ ਅਨੰਦ ਮਾਣਿਆ ਹੈ; ਭੈ ਦੁਆਰਾ ਨਿਰਭੈ ਨੂੰ ਮਾਣਿਆ ਹੈ (ਸ਼ਬਦਾਰਥ); ਭੈ ਵਿਚ ਨਿਰਭੈਤਾ ਦਾ ਅਨੰਦ ਮਾਣਿਆ ਹੈ (ਭਾ.ਵੀਰ ਸਿੰਘ); ਕਿਸੇ ਤਰ੍ਹਾਂ ਦੇ ਭੈ ਤੋਂ (ਭੈ ਰਹਿਤ) ਨਿਰਭਉ ਵਾਹਿਗੁਰੂ ਦਾ ਰਸ ਮਾਣਿਆ ਹੈ। ਗੁਰੂ ਅਰਜਨ ਦੇਵ ਜੀ ਭੈ ਰਹਿਤ ਹੋ ਕੇ ਹਰੀ ਦੇ ਭੈ ਵਾਲੀ ਅਵਸਥਾ ਦਾ ਅਨੰਦ ਮਾਣਦੇ ਹਨ (ਸਾਰੇ ਅਰਥ ਵੱਖ ਵੱਖ ਟੀਕਾਕਾਰਾਂ ਦੇ ਹਨ)। ਲੱਖਾਂ ਜੀਵਾਂ ਦੇ ਦਿਲਾਂ ਵਿਚ ਇਕ ਅਲੱਖ ਹਰੀ ਜਣਾ ਦਿਤਾ ਹੈ। ਨਾ ਭਰੇ ਜਾਣ ਵਾਲੇ ਤਲਾ ਉਹ ਦਿਲ ਹਨ, ਜਿਸ ਵਿਚ ਬਿਰਤੀਆਂ ਦੀ ਲਹਿਰ ਨੇ ਅਸ਼ਾਂਤੀ, ਤ੍ਰਿਸ਼ਨਾ, ਅਤ੍ਰਿਪਤੀ ਉਪਜਾਈ ਹੋਈ ਸੀ ।ਹੁਣ ਲਬਾ ਲਬ ਭਰ ਕੇ ਪੂਰਨ ਸ਼ਾਂਤੀ ਤੇ ਤ੍ਰਿਪਤੀ ਕਰਾ ਦਿਤੀ ਹੈ। ਗੁਰ ਗਮ ਪ੍ਰਮਾਣਿ = ਗੁਰੂ ਵੱਲੋਂ ਬਖਸ਼ੀ

ਉਚੀ ਮਾਨਸਕ ਅਵਸਥਾ ਵਾਲੀ ਪਹੁੰਚ ਦੇ ਪ੍ਰਮਾਣ (ਸਬੂਤ) ਨਾਲ ਮੈਂ ਕਹਿੰਦਾ ਹਾਂ ਕਿ ਗੁਰੂ ਅਰਜਨ ਦੇਵ ਜੀ ਨੇ ਅਜਰ ਨੂੰ ਜਰਿਆ ਹੈ।ਉਹ ਪ੍ਰਮਾਣ ਜੋ ਭੱਟ ਕਲ ਨੇ ਦਿੱਬ ਦ੍ਰਿਸਟੀ ਪ੍ਰਾਪਤ ਕਰਕੇ ਅਨੁਭਵ ਕੀਤਾ, ਪਰ ਉਚੀ ਮਾਨਸਕ ਅਵਸਥਾ ਵਿਚ ਪਹੁੰਚ ਗੁਰੂ ਦੀ ਮੇਹਰ ਨਾਲ ਹੀ ਹੋਈ ਹੈ {ਹਿਰਦੇ ਪ੍ਰਗਾਸੁ ਗਿਆਨ ਗੁਰ ਗੰਮਿਤਿ, ਗਗਨ ਮੰਡਲ ਮਹਿ ਧਿਆਨਾਨਾਂ ੩੩੯} ਭਾਵ ਗੁਰੂ ਦੀ ਬਖਸ਼ੀ ਉਚੀ ਮਾਨਸਕ ਗੰਮਤਾ ਨਾਲ ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਹੋ ਗਿਆ ਅਤੇ ਦਸਮ ਦੁਆਰ ਵਿਚ ਧਿਆਨ ਜੁੜ ਗਿਆ।ਜਿਸ ਉਚੀ ਅਵਸਥਾ ਤਕ ਗੁਰੂ ਰਾਮਦਾਸ ਜੀ ਦੀ ਪਹੁੰਚ ਸੀ, ਤੁਸੀਂ ਉਸ ਅਵਸਥਾ ਤਕ ਪੁਜ ਗਏ ਹੋ ਅਤੇ ਗੁਰੂ ਰਾਮਦਾਸ ਜੀ ਵਾਂਗ ਹੀ ਨਾ ਜਰੇ ਜਾਣ ਵਾਲੀ ਉਚੀ ਅਵਸਥਾ ਨੂੰ ਜਰਿਆ ਹੈ।ਮਨ ਇਕਾਗਰ ਹੋ ਕੇ ਉਚੀ ਅਵਸਥਾ ਦੇ ਅਨੰਦ ਨੂੰ ਮਾਣਦਾ ਹੈ, ਇਥੇ ਪੁਜ ਕੇ ਆਤਮਾ ਹਰੀ ਨਾਲ ਮਿਲ ਜਾਂਦੀ ਹੈ।ਇਸ ਹਰੀ ਮਿਲਾਪ ਦੇ ਅਨੰਦ ਨੂੰ ਮਨ ਬੁੱਧੀ ਦੁਆਰਾ ਸਹਿਣਾ ਕਠਨ ਹੈ।ਅਭਿਆਸੀ ਬੋਲ ਉਠਦੇ ਹਨ, ਕਰਾਮਾਤਾਂ ਦਿਖਾਉਣ ਲਗ ਜਾਂਦੇ ਹਨ ਅਤੇ ਅਪਣੀ ਵਡਿਆਈ ਕਰਾਉਣੀ ਚਾਹੁੰਦੇ ਹੁੰਦੇ ਹਨ।ਪਰ ਗੁਰੂ ਜੀ ਨੇ ਇਸ ਨਾ ਜਰੇ ਜਾਣ ਵਾਲੀ ਅਵਸਥਾ ਨੂੰ ਜਰਿਆ ਹੈ।੮।

ਅਮਿਉ ਰਸਨਾ ਬਦਨਿ ਬਰ ਦਾਤਿ, ਅਲਖ ਅਪਾਰ ਗੁਰ ਸੂਰ, ਸਬਦਿ ਹਉਮੈ ਨਿਵਾਰ੍ਉ ॥ ਰਸਨਾ ਨਾਲ ਅੰਮ੍ਰਿਤ (ਨਾਮ) ਦੀ ਵਰਖਾ ਕਰਦੇ ਹੋ ਅਤੇ ਮੂੰਹ ਦੁਆਰਾ ਵਰ ਦੀ ਦਾਤ ਦੇਂਦੇ ਹੋ, ਹੇ ਸੂਰਵੀਰ ਗੁਰੂ (ਅਰਜਨ ਦੇਵ ਜੀ!) ਆਪ ਅਲੱਖ ਅਤੇ ਬੇਅੰਤ ਹੋ, (ਆਪ ਨੇ) ਸ਼ਬਦ ਦੁਆਰਾ (ਗੁਰ ਸਿੱਖਾਂ ਦੀ) ਹਉਮੈ ਦੂਰ ਕੀਤੀ ਹੈ।

ਪੰਚਾਹਰੁ ਨਿਦਲਿਅਉ, ਸੁੰਨ ਸਹਜਿ ਨਿਜ ਘਰਿ ਸਹਾਰ੍ਉ ॥ (ਆਪ ਜੀ ਨੇ) ਪੰਜ ਗਿਆਨ ਇੰਦ੍ਰੀਆਂ ਨੂੰ ਵਿਸ਼ਿਆਂ ਵੱਲ ਲੈ ਜਾਣ ਵਾਲੇ ਮਨ ਨੂੰ ਕੁਚਲ ਦਿਤਾ ਹੈ ਅਤੇ ਅਫੁਰ ਵਾਹਿਗੁਰੂ ਨੂੰ ਸੌਖੇ ਹੀ ਅਪਣੇ ਹਿਰਦੇ ਵਿਚ (ਸਹਾਰਿਆ) ਟਿਕਾਇਆ ਹੈ।

ਹਰਿ ਨਾਮਿ ਲਾਗਿ ਜਗ ਉਧਰ੍ਉ ,ਸਤਿਗੁਰੁ ਰਿਦੈ ਬਸਾਇਅਉ ॥ ਹਰੀ ਦੇ ਨਾਮ ਵਿਚ ਲਗ ਕੇ ਜਗਤ ਦੇ (ਉਹ ਮਨੁੱਖ) ਤਰ ਗਏ ਹਨ, ਜਿਨ੍ਹਾਂ ਨੇ ਹੇ ਸੱਤਗੁਰੂ (ਅਰਜਨ ਦੇਵ) ਜੀ! (ਆਪ ਦੇ ਦੱਸੇ ਨਾਮ ਮੰਤ੍ਰ ਨੂੰ) ਦਿਲ ਵਿਚ ਵਸਾਇਆ ਹੈ (ਭਾ. ਵੀਰ ਸਿੰਘ); ਹਰੀ ਦੇ ਨਾਮ ਵਿਚ ਲਗ ਕੇ (ਆਪ ਜੀ ਨੇ) ਜਗਤ ਨੂੰ ਤਾਰ ਕਰ ਦਿਤਾ ਹੈ ਅਤੇ ਸਤਿਗੁਰੂ ਰਾਮਦਾਸ ਜੀ ਨੂੰ (ਆਪ ਜੀ ਨੇ ਅਪਣੇ) ਹਿਰਦੇ ਵਿਚ ਵਸਾਇਆ ਹੋਇਆ ਹੈ (ਦਰਪਣ; ਨਿਰਣੈ)।

ਗੁਰ ਅਰਜੁਨ ਕਲੁਚਰੈ, ਤੈ ਜਨਕਹ ਕਲਸੁ ਦੀਪਾਇਅਉ ॥੯॥ ਕਲੵ ਜੀ ਉਚਾਰਦੇ ਹਨ, ਹੇ ਗੁਰੂ ਅਰਜਨ ਦੇਵ ਜੀ! ਤੁਸੀਂ ਗਿਆਨ ਦਾ ਕਲਸ ਰੂਪ (ਸ਼੍ਰੋਮਣੀ) ਹੋ ਕੇ ਪ੍ਰਕਾਸ਼ੇ (ਪ੍ਰਗਟੇ) ਹੋ; ਤੁਸੀਂ ਦਾਸਾਂ ਦੇ (ਮਨ ਮੰਦਰ ਉਤੇ ਗਿਆਨ ਦਾ) ਕਲਸ ਪ੍ਰਕਾਸ਼ਿਆ; ਗਿਆਨ ਦੇ ਕਲਸ ਨੂੰ (ਪ੍ਰਕਾਸ਼ਿਆ) ਪ੍ਰਗਟ ਕੀਤਾ ਹੈ; ਦਾਸਾਂ ਲਈ ਸ਼੍ਰੋਮਣੀ ਵਾਹਿਗੁਰੂ ਪ੍ਰਗਟ ਕਰ ਦਿਤਾ।੯।

ਪਦਾਰਥ = ਅਮਿਉ-ਅੰਮ੍ਰਿਤ।ਰਸਨਾ-ਜੀਭ ਨਾਲ।ਬਦਨਿ-ਮੂੰਹ ਤੋਂ।ਬਰ ਦਾਤਿ-ਵਰ (ਅਸ਼ੀਰਵਾਦ) ਦੀ ਦਾਤ।ਅਲਖ-ਨਾ ਜਾਣਿਆ ਜਾਣ ਵਾਲਾ (ਵਾਹਿਗੁਰੂ)।ਅਪਾਰ-ਬੇਅੰਤ।ਸੂਰ-ਸੂਰਮਾ; ਸੂਰਜ।ਸਬਦਿ-ਸ਼ਬਦ ਦੁਆਰਾ।ਨਿਵਾਰ੍ਉ-(ਨਿਵਾਰਿਅਉ ਪੜ੍ਹੋ) ਦੂਰ ਕੀਤੀ ਹੈ।ਪੰਚਾਹਰੁ-ਪੰਜ ਗਿਆਨ ਇੰਦ੍ਰੀਆਂ ਨੂੰ ਵਿਸ਼ਿਆਂ ਵੱਲ ਲੈ ਜਾਣ ਵਾਲਾ ਮਨ (ਪੰਜ ਗਿਆਨ ਇੰਦ੍ਰੇ-ਕੰਨ ਚਮੜੀ ਅੱਖ ਜੀਭ ਤੇ ਨੱਕ {ਇਨ੍ਹਾਂ ਦੇ ਕਰਮਵਾਰ ਵਿਸ਼ੇ-ਸ਼ਬਦ ਸਪਰਸ ਰੂਪ ਰਸ ਤੇ ਗੰਧ}); ਪੰਚਾ+ਹਰੁ-ਪੰਜਾਂ ਨੂੰ ਲੈ ਜਾਣ ਵਾਲਾ।ਨਿਦਲਿਅਉ-ਚੰਗੀ ਤਰ੍ਹਾਂ ਕੁਚਲ ਦਿਤਾ ਹੈ।ਸੰਪ੍ਰਦਾਵਾਂ ਨੇ ਪਾਠ 'ਪੰਚਾਹਰੁਨਿ ਦਲਿਅਉ' ਵੀ ਕੀਤਾ ਹੈ (ਪੰਚ+ਆਹਰਨਿ -ਪੰਜਾਂ ਨੂੰ ਲੈ ਜਾਣ ਵਾਲਾ), ਆਹਰ, ਹਰ, ਤੇ ਆਹਰਨ ਦੇ (ਮ. ਕੋ.) ਵਿਚ ਇਕੋ ਜਿਹੇ ਅਰਥ 'ਲੈ ਜਾਣਾ' ਮਿਲਦੇ ਹਨ; ਪੰਚਾਹਰੁਨਿ ਦੇ ਅਰਥ ਸ਼ੇਰ ਰੂਪ ਹੰਕਾਰ ਅਤੇ ਸ਼ੇਰ ਰੂਪ ਕਾਲ ਵੀ ਕੀਤੇ ਹਨ, ਪਰ ਇਹ ਅਰਥ ਇਥੇ ਜਚਦੇ ਨਹੀਂ (ਲਫਜਾਂ ਦੇ ਰੂਪ ਅਨੁਸਾਰ ਸ਼ੁੱਧ ਪਾਠ "ਪੰਚਾਹਰੁ ਨਿਦਲਿਅਉ" ਹੈ।ਜੇ ਪੰਚਾਹਰੁ ਦੇ ਰਾਰੇ ਨੂੰ ਔਂਕੁੜ ਨਾ ਹੁੰਦਾ ਤਾਂ ਪਾਠ ਪੰਚਾਹਰਨਿ + ਦਲਿਅਉ ਹੋ ਸਕਣਾ ਸੀ, ਰਾਰੇ ਦਾ ਔਂਕੁੜ ਪਾਠ ਨੂੰ ਪ੍ਰਤੱਖ ਨਿਖੇੜ ਰਿਹਾ ਹੈ।ਸੁੰਨ-ਅਫੁਰ।ਸਹਜਿ-ਸੁਤੇ ਸਿਧ; ਸੌਖੇ ਹੀ।ਨਿਜ ਘਰਿ-ਅਪਣੇ ਹਿਰਦੇ ਵਿਚ।ਸਹਾਰ੍ਉ-(ਸਹਾਰਿਅਉ ਬੋਲੋ) ਸਹਾਰਿਆ ਭਾਵ ਟਿਕਾਇਆ; (ਨਿਜ ਘਰਿ ਸਹਾਰ੍ਉ-ਬੇ ਘਰਿਆਂ ਨੂੰ ਅਪਣੇ ਘਰ ਵਿਚ ਸਹਾਰਾ ਦਿਤਾ)।ਲਾਗਿ-ਲੱਗ (ਜੁੜ) ਕੇ।ਜਗ-ਜਗਤ।ਉਧਰ੍ਉ-(ਉਧਰਿਅਉ ਬੋਲੋ) ਉਧਾਰ ਕੀਤਾ; ਤਰ ਗਿਆ।ਤੈ-ਤੂੰ (ਤੁਸੀਂ)।ਜਨਕਹ-ਗਿਆਨ ਦਾ; ਦਾਸਾਂ ਦੇ; ਦਾਸਾਂ ਲਈ।ਕਲਸੁ-ਗੁੰਬਦਾਂ ਦੇ ਉਪਰ ਘੜੇ ਦੀ ਸ਼ਕਲ ਦਾ ਗੋਲ ਤਾਂਬੇ, ਪਿੱਤਲ ਜਾਂ ਸੋਨੇ ਦਾ ਬਣਿਆ ਹੁੰਦਾ ਹੈ ਜੋ ਦੂਰੋਂ ਲਿਸ਼ਕਦਾ ਹੈ, ਜਿਸ ਦਾ ਅਰਥ ਉਚਾ; ਸ਼੍ਰੋਮਣੀ; ਸੂਰਜ ਜਾਂ ਗਿਆਨ ਦਾ ਸੂਰਜ ਭਾਵ ਵਹਿਗੁਰੂ ਲੈਂਦੇ ਹਨ।ਦੀਪਾਇਅਉ-ਪ੍ਰਕਾਸ਼ਿਆ (ਚਮਕਾਇਆ) ਹੈ; ਦਾਸਾਂ ਨੂੰ ਕਲਸ ਵਾਂਙ ਰੋਸ਼ਨ ਕੀਤਾ (ਮ. ਕੋ.)। ੯।

ਸੋਰਠੇ ॥ ਗੁਰ ਅਰਜੁਨੁ ਪੁਰਖ ਪ੍ਰਮਾਣੁ ,ਪਾਰਥਉ ਚਾਲੈ ਨਹੀਂ ॥ ਗੁਰੂ ਅਰਜਨ ਦੇਵ ਜੀ ਪ੍ਰਮਾਣੀਕ ਪੁਰਖ ਹਨ, (ਕੁੰਤੀ ਦੇ ਪੁਤ੍ਰ)

ਅਰਜਨ ਵਾਂਗ ਜੰਗ ਤੋਂ ਚਲਦੇ (ਟਲਦੇ) ਨਹੀਂ (ਜਿਵੇਂ ਅਰਜਨ ਕੁਰੂਖੇਤਰ ਦੇ ਜੁੱਧ ਵਿਚ ਵੈਰੀਆਂ ਦਾ ਮੁਕਾਬਲਾ ਕਰਨ ਤੋਂ ਪਿਛੇ ਨਹੀ ਹਟਿਆ, ਤਿਵੇਂ ਗੁਰੂ ਅਰਜਨ ਦੇਵ ਜੀ ਗੁਰਮਤ ਵਿਰੋਧੀ ਤੇ ਆਸੁਰੀ ਤਾਕਤਾਂ ਨਾਲ ਡਟ ਕੇ ਮੁਕਾਬਲਾ ਕਰਦੇ ਰਹੇ ਹਨ)।

**ਨੇਜਾ ਨਾਮ ਨੀਸਾਣੁ, ਸਤਿਗੁਰ ਸਬਦਿ ਸਵਾਰਿਅਉ ॥੧॥** (ਕਾਮਾਦਿਕ ਵੈਰੀਆਂ ਨੂੰ ਮਾਰਨ ਲਈ ਗੁਰੂ ਜੀ ਦੇ ਹੱਥ ਵਿਚ) ਨਾਮ ਦਾ ਨੇਜਾ (ਅਤੇ ਓਹੀ ਨੇਜਾ) ਝੰਡਾ ਹੈ, (ਜਿਸ ਨੇਜੇ ਨੂੰ) ਸੱਤਗੁਰੂ ਰਾਮਦਾਸ ਜੀ ਦੇ ਸ਼ਬਦ ਨਾਲ ਸਜਾਇਆ; (ਬਣਾਇਆ) ਹੈ; ਸ਼ਬਦ ਦੀ ਸਾਣ ਤੇ ਸਵਾਰਿਆ (ਤਿਖਾ ਕੀਤਾ) ਹੈ।੧।

**ਪਦਾਰਥ** = ਸੋਰਠੇ-ਇਕ ਮਾਤ੍ਰਿਕ ਛੰਦ ਜੋ ਦੋਹੇ ਦਾ ਉਲਟ ਹੈ।ਪ੍ਰਮਾਣੁ-ਪ੍ਰਮਾਣੀਕ।ਪਾਰਥਉ-ਪਾਰਥ-ਕੁੰਤੀ ਦਾ ਪੁਤ੍ਰ ਅਰਜਨ (ਜੋ ਮਹਾਂ ਭਾਰਤ ਦੇ ਜੁੱਧ ਵਿਚ ਕੌਰਵਾਂ ਵਿਰੁਧ ਬਹਾਦਰੀ ਨਾਲ ਲੜਿਆ)।ਚਾਲੈ ਨਹੀ-ਹਿਲਦਾ ਨਹੀ; ਚਲਦਾ (ਟਲਦਾ) ਨਹੀਂ; ਪਿਛੇ ਨਹੀ ਹਟਦਾ।ਨੀਸਾਣੁ-ਨਿਸ਼ਾਨ ਸਾਹਿਬ (ਜੰਗ ਵਿਚ ਨੇਜਾ ਗੱਡ ਦਈਦਾ ਹੈ ਕਿ ਵੈਰੀ ਇਸਤੋਂ ਅੱਗੇ ਨਾ ਵਧੇ) {ਸਬਦਿ ਗੁਰ ਨੇਜਾ ਗਡਿਓ ੧੩੯੬}।ਨਾਮ ਨੀਸਾਣੁ-ਨਾਮ ਦਾ ਪ੍ਰਕਾਸ਼ ਉਨ੍ਹਾਂ ਦੇ ਹੱਥ ਵਿਚ ਨੇਜਾ ਹੈ (ਸ਼ਬਦਾਰਥ; ਦਰਪਣ)।ਸਬਦਿ-ਸ਼ਬਦ ਨਾਲ।ਸਵਾਰਿਅਉ-ਸਜਾਇਆ; ਤਿੱਖਾ ਕੀਤਾ; ਬਣਾਇਆ।੧।

**ਵਿਆਖਿਆ** = ਕੁੰਤੀ ਮਥਰਾ ਦੇ ਰਾਜਾ ਸੂਰਸੇਨ ਦੀ ਪੁਤ੍ਰੀ, ਕ੍ਰਿਸ਼ਨ ਦੀ ਭੂਆ, ਰਾਜਾ ਪਾਂਡੂ ਦੀ ਰਾਣੀ, ਇਸਦਾ ਪਹਿਲਾ ਨਾਮ ਪ੍ਰਿਥਾ ਸੀ।ਕੁੰਤੀ ਰਿਆਸਤ ਦਾ ਰਾਜਾ ਕੁੰਤੀਭੋਜ ਬੇ ਔਲਾਦ ਸੀ, ਜੋ ਰਾਜਾ ਸੂਰਸੇਨ ਦੀ ਭੂਆ ਦਾ ਪੁਤ੍ਰ ਅਤੇ ਚੰਗਾ ਮਿਤ੍ਰ ਸੀ, ਉਸਨੇ ਸੂਰ ਸੇਨ ਤੋਂ ਪਾਲਣ ਲਈ ਪ੍ਰਿਥਾ ਨੂੰ ਲੈ ਲਿਆ।ਰਾਜਾ ਕੁੰਤੀਭੋਜ ਨੇ ਅਪਣੇ ਰਾਜ ਕੁੰਤੀ ਦੇ ਨਾਮ ਤੇ ਪ੍ਰਿਥਾ ਦਾ ਨਾਮ ਕੁੰਤੀ ਰਖਿਆ, ਸੋ ਕੁੰਤੀ ਦਾ ਨਾਂ ਪਿਰਥਾ ਹੋਣ ਕਰਕੇ ਇਸ ਦੇ ਪੁਤ੍ਰ ਯੁਧਿਸਟਰ, ਭੀਮ ਤੇ ਅਰਜਨ ਪਾਰਥ ਕਹੇ ਜਾਂਦੇ ਸਨ, ਪਰ ਜਿਆਦਾਤਰ ਪਾਰਥ ਨਾਮ ਅਰਜਨ ਨਾਲ ਹੀ ਜੁੜਿਆ ਹੋਇਆ ਪ੍ਰਸਿੱਧ ਹੈ, ਪਰ ਇਥੇ ਪਾਰਥਉ ਅਰਜਨ ਨੂੰ ਹੀ ਕਿਹਾ ਹੈ। (ਕੁੰਤੀ ਦੀ ਸੌਕਣ ਮਾਦ੍ਰੀ ਤੋਂ ਨਕੁਲ ਤੇ ਸਹਦੇਵ ਜੰਮੇ)।

ਜਦ ਕ੍ਰਿਸ਼ਨ ਜੀ ਫੰਧਕ ਦੇ ਤੀਰ ਨਾਲ ਜਖਮੀ ਹੋ ਕੇ ਬੈਕੁੰਠ ਨੂੰ ਜਾਣ ਲੱਗੇ, ਤਾਂ ਅਰਜਨ ਨੂੰ ਕਿਹਾ ਕਿ ਤੁਹਾਡਾ ਹੁਣ ਰਾਜ ਹੈ, ਮੈਥੋਂ ਬਾਦ ਮੇਰੀਆਂ ਗੋਪੀਆਂ ਨੂੰ ਹਸਤਨਾ ਪੁਰ ਲਿਜਾ ਕੇ ਸੇਵਾ ਕਰਿਓ।ਕ੍ਰਿਸ਼ਨ ਜੀ ਤੋਂ ਬਾਦ ਜਦ ਅਰਜਨ ਗੋਪੀਆਂ ਨੂੰ ਹਸਤਨਾਪੁਰ ਲਿਜਾ ਰਿਹਾ ਸੀ ਤਾਂ ਰਸਤੇ ਵਿਚ ਭੀਲਾਂ ਨੇ ਘੇਰ ਲਿਆ।ਜਦ ਅਰਜਨ ਦ੍ਰੋਣ ਕੋਲ ਸ਼ਸਤ੍ਰ ਵਿਦਿਆ ਸਿਖਦਾ ਸੀ ਤਾਂ ਇਕ ਭੀਲ ਨੂੰ ਈਰਖਾ ਕਰਕੇ ਅਰਜਨ ਨੇ ਦ੍ਰੋਣ ਤੋਂ ਵਿਦਿਆ ਸਿਖਣੀ ਹਟਾ ਦਿਤਾ, ਤਾਂ ਕਿ ਉਹ ਭੀਲ ਅਰਜਨ ਨਾਲੋਂ ਜਿਆਦਾ ਨਿਪੁੰਨ ਨਾ ਹੋ ਜਾਵੇ ।ਉਸ ਭੀਲ ਨੇ ਦ੍ਰੋਣ ਦੇ ਧਿਆਨ ਨਾਲ ਹੀ ਵਿਦਿਆ ਸਿਖ ਲਈ ਅਤੇ ਇਥੇ ਘੇਰ ਕੇ ਅਰਜਨ ਨੂੰ ਜੁੱਧ ਕਰਨ ਨੂੰ ਕਿਹਾ।ਇਸ ਜੰਗ ਵਿਚ ਤੀਰ ਖਤਮ ਹੋਣ ਕਰਕੇ ਅਰਜਨ ਨੇ ਹਾਰ ਮੰਨ ਲਈ।ਗੋਪੀਆਂ ਡਰ ਕਰਕੇ ਸਤੀ ਹੋ ਗਈਆਂ।ਗੋਪੀਆਂ ਗੁਆ ਕੇ ਹਾਰ ਕੇ ਅਰਜਨ ਹਸਤਨਾਪੁਰ ਆਇਆ।ਪਰ ਗੁਰੂ ਅਰਜਨ ਦੇਵ ਜੀ ਦੁਸ਼ਮਨਾਂ ਅੱਗੇ ਡਟੇ ਰਹੇ। ਪ੍ਰਿਥੀਆ ਸੁਲੱਬੀ ਖਾਨ, ਫਿਰ ਸੁਲਹੀ ਖਾਨ ਨੂੰ ਚੜ੍ਹਾ ਕੇ ਲਿਆਇਆ, ਉਹ ਚੜ੍ਹ ਕੇ ਆਉਣ ਵਾਲੇ ਆਪ ਹੀ ਮਰ ਖਪ ਗਏ।ਚੰਦੂ ਨੇ ਬੜਾ ਵੈਰ ਕੀਤਾ, ਜਹਾਂਗੀਰ ਗੁਰੂ ਗ੍ਰੰਥ ਸਾਹਿਬ ਵਿਚ ਰਸੂਲ ਦੀ ਸਿਫਤ ਪੁਆਉਣਾ ਚਾਹੁੰਦਾ ਸੀ, ਪਰ ਗੁਰੂ ਜੀ ਨੇ ਇਨਕਾਰ ਕਰ ਦਿਤਾ।ਗੁਰੂ ਅਰਜਨ ਦੇਵ ਜੀ ਤੱਤੀਆਂ ਤਵੀਆਂ ਤੇ ਬੈਠ ਕੇ ਸ਼ਹੀਦ ਤਾਂ ਹੋ ਗਏ, ਪਰ ਅਰਜਨ ਵਾਂਗ ਹਾਰੇ ਨਹੀਂ (ਟਕਸਾਲ ਦੀ ਟੇਪ ਚੋਂ)।੧।

**ਭਵਜਲੁ ਸਾਇਰੁ ਸੇਤੁ, ਨਾਮੁ ਹਰੀ ਕਾ ਬੋਹਿਥਾ ॥** (ਇਹ ਜੋ ਜਨਮ ਮਰਨ ਰੂਪ ਜਲ ਨਾਲ ਪੂਰਤ) ਸੰਸਾਰ ਸਮੁੰਦਰ ਹੈ (ਇਸ ਤੋਂ ਪਾਰ ਹੋਣ ਲਈ) ਹਰੀ ਦਾ ਨਾਮ ਪੁਲ ਤੇ ਜਹਾਜ ਹੈ (ਸਮੁੰਦਰ ਤੋਂ ਪਾਰ ਹੋਣ ਲਈ ਜਾਹਜ ਤੇ ਚੜ੍ਹਨਾ ਪੈਂਦਾ ਹੈ, ਅਰਜਨ ਦੇਵ ਜੀ ਨੇ ਸਮੁੰਦਰ ਤੇ ਪੁਲ ਬੰਨ੍ਹ ਦਿਤਾ, ਤਾਂ ਕਿ ਮਨੁੱਖ ਸੌਖਾ ਹੀ ਪਾਰ ਹੋ ਜਾਵੇ); ਸੰਸਾਰ ਸਮੁੰਦਰ ਨੂੰ ਤਰਨ ਵਾਸਤੇ ਹਰੀ ਦਾ ਉਜਲ ਨਾਮ ਰੂਪ ਜਹਾਜ (ਗੁਰੂ ਅਰਜਨ ਦੇਵ ਜੀ ਦੇ ਪਾਸ) ਹੈ (ਫ. ਸ.; ਸੰ. ਸ.)।

**ਤੁਅ ਸਤਿਗੁਰ ਸੰ ਹੇਤੁ, ਨਾਮਿ ਲਾਗਿ ਜਗੁ ਉਧਰ੍ਯਉ ॥੨॥** (ਹੇ ਗੁਰੂ ਅਰਜਨ ਦੇਵ ਜੀ!) ਤੁਹਾਡਾ ਸੱਤਗੁਰੂ (ਰਾਮਦਾਸ ਜੀ) ਨਾਲ ਪਿਆਰ ਹੈ, ਨਾਮ ਵਿਚ ਲਗ ਕੇ (ਆਪ ਜੀ ਨੇ) ਜਗਤ ਨੂੰ (ਭਵਜਲ ਤੋਂ) ਤਾਰ ਦਿਤਾ ਹੈ; (ਆਪ ਦੇ ਬਖਸ਼ੇ) ਨਾਮ ਵਿਚ ਜੁੜ ਕੇ ਜਗਤ ਤਰ ਗਿਆ (ਮੇਰਾ ਖਿਆਲ)।੨।

**ਪਦਾਰਥ** = ਭਵਜਲੁ ਸਾਇਰੁ-ਜਨਮ ਮਰਨ ਰੂਪ ਜਲ ਨਾਲ ਭਰਿਆ ਸੰਸਾਰ ਸਮੁੰਦਰ।ਸੇਤੁ-ਪੁਲ; ਉਜਲ।ਕਾ-ਦਾ।ਬੋਹਿਥਾ-ਜਹਾਜ।ਤੁਅ-(ਤੋਆ ਜਾਂ ਤੋਇ ਪੜ੍ਹਨਾ ਅਸ਼ੁੱਧ ਹੈ) ਤੇਰਾ।ਸੰ ਹੇਤ-ਨਾਲ ਪਿਆਰ; ਗੂੜ੍ਹਾ ਪਿਆਰ।ਨਾਮਿ ਲਾਗਿ-ਨਾਮ ਵਿਚ ਲਗ (ਜੁੜ) ਕੇ।ਜਗੁ ਉਧਰ੍ਯਉ-(ਉਧਰਿਅਉ ਉਚਾਰੋ) ਜਗਤ ਨੂੰ ਤਾਰ ਦਿਤਾ; ਜਗਤ ਤਰ ਗਿਆ।੨।

ਜਗਤ ਉਧਾਰਣੁ ਨਾਮੁ, ਸਤਿਗੁਰ ਤੁਠੈ ਪਾਇਅਉ ॥ ਜਗਤ ਦਾ ਉਧਾਰ ਕਰਨ ਵਾਲਾ ਨਾਮ (ਆਪ ਜੀ ਨੇ) ਸੱਤਗੁਰੂ (ਰਾਮਦਾਸ ਜੀ ਦੇ) ਖੁਸ਼ ਹੋਣ ਤੇ ਪ੍ਰਾਪਤ ਕੀਤਾ ਹੈ; ਹੇ ਸੱਤਗੁਰੂ (ਅਰਜਨ ਦੇਵ) ਜੀ! ਅਸੀਂ ਜਗਤ ਦਾ ਉਧਾਰ ਕਰਨ ਵਾਲਾ ਨਾਮ ਆਪ ਦੇ ਪ੍ਰਸੰਨ ਹੋਣ ਤੇ ਪਾਇਆ ਹੈ।

ਅਬ ਨਾਹਿ ਅਵਰ ਸਰਿ ਕਾਮੁ, ਬਾਰੰਤਰਿ ਪੂਰੀ ਪੜੀ ॥੩॥੧੨॥ (ਸਾਡਾ) ਹੁਣ ਹੋਰ ਕਿਸੇ ਨਾਲ ਕੰਮ ਨਹੀ ਰਿਹਾ, (ਤੁਹਾਡੇ ਬਾਰ) ਦਰ ਤੇ ਆਉਣ ਕਰਕੇ (ਸਾਡੀ) ਪੂਰੀ ਪੈ ਗਈ ਹੈ, ਸਫਲਤਾ ਮਿਲ ਗਈ (ਸ਼ਬਦਾਰਥ); ਹੁਣ ਹੋਰ ਕਿਸੇ ਨਾਲ (ਸਾਨੂੰ) ਕੰਮ ਨਹੀ ਰਿਹਾ (ਕਿਉਂਕਿ ਅੰਦਰ ਬਾਹਰ; ਹਰ ਥਾਂ ਤੇ ਸਾਡੀ) ਪੂਰੀ ਪੈ ਗਈ ਹੈ ਭਾਵ ਹਰ ਤਰ੍ਹਾਂ ਤਸੱਲੀ ਹੋ ਗਈ ਹੈ (ਭਾ. ਵੀਰ ਸਿੰਘ); ਤਾਂ ਤੇ ਹੁਣ ਸਾਡਾ ਮੋਖ ਰੂਪ ਕੰਮ ਸਰ ਗਿਆ ਹੈ, ਹੋਰ ਕੋਈ ਕੰਮ ਨਹੀਂ ਰਿਹਾ ਭਾਵ ਸਾਰੇ ਮਨੋਰਥ ਪੂਰੇ ਹੋ ਗਏ ਹਨ, ਆਪ ਦੇ ਦੁਆਰੇ ਵਿਚ ਆਉਣ ਕਰ ਕੇ ਸਾਡੀ ਪੂਰੀ ਪਈ ਹੈ ਭਾਵ ਆਪ ਦੇ ਦਰਬਾਰ ਵਿਚ ਆ ਕੇ ਅਸੀਂ ਕ੍ਰਿਤਾਰਥ ਹੋਏ ਹਾਂ (ਫ. ਸ.)।੩।੧੨।

ਪਦਾਰਥ = ਉਧਾਰਣੁ-ਤਾਰਨ ਵਾਲਾ।ਤੁਠੈ-ਪ੍ਰਸੰਨ ਹੋਣ ਤੇ।ਅਬ-ਹੁਣ।ਨਾਹਿ-ਨਹੀਂ।ਅਵਰ ਸਰਿ-ਕਿਸੇ ਹੋਰ ਨਾਲ।ਕਾਮੁ-ਕੰਮ; ਮਨੋਰਥ।ਸਰਿ ਕਾਮੁ-ਕੰਮ ਸਰ (ਪੂਰਾ ਹੋ) ਗਿਆ ਹੈ।ਬਾਰੰਤਰਿ-ਬਾਰ+ਅੰਤਰਿ-(ਬਾਰ ਦੇ ਅੰਦਰ) ਦਰ ਤੇ ਆਉਣ ਕਰਕੇ; ਅੰਦਰ ਬਾਹਰ (ਸਭ ਥਾਂ)।ਪੂਰੀ ਪੜੀ-ਪੂਰੀ ਪੈ ਗਈ (ਸਫਲਤਾ ਮਿਲ ਗਈ)।੩।੧੨। ਭਨਤਿ ਨਾਨਕ ਮੇਰੀ ਪੂਰੀ ਪਰੀ।(੧੯੦)

ਇਥੇ ਤਕ ੧੧ ਸਵੱਯੇ ਕਲ੍ਹ ਅਤੇ ੧ ਸਵੱਯਾ ਕਲ ਸਹਾਰ ਦਾ ਹੈ, ਦੋਹਾਂ ਦੇ ਕੁਲ ੧੨ ਸਵੱਯੇ ਆ ਚੁੱਕੇ ਹਨ।ਸੋਰਠੇ ਵੱਖਰੇ ਚਾਲ ਦੇ ਹੋਣ ਕਰਕੇ ੯ ਅੰਕ ਤੋਂ ਅੱਗੇ ੧, ੨, ੩ ਵੱਖਰੇ ਅੰਕ ਨਾਲ ਲੱਗੇ ਹਨ।ਪਰ ਕਵੀ ਓਹੀ ਕਲਸਹਾਰ ਅਤੇ ਕਲ੍ਹ ਹੈ।(ਕਲਸਹਾਰ ਅਤੇ ਕਲ੍ਹ ਸਕੇ ਭਾਈ ਸਨ, ਦੋਹਾਂ ਨੇ ਇਕੱਠੇ ਰਲ ਕੇ ਸਵਯੇ ਉਚਾਰੇ ਹਨ।

ਅਗਲੇ ਸੱਤ ਸਵੱਈਏ ਮਥਰਾ ਭੱਟ ਦੇ ਉਚਾਰੇ ਹੋਏ ਹਨ।

ਜੋਤਿ ਰੂਪਿ ਹਰਿ ਆਪਿ, ਗੁਰੂ ਨਾਨਕ ਕਹਾਯਉ ॥ ਜੋਤ ਰੂਪ ਹਰੀ ਨੇ ਆਪ ਹੀ ਗੁਰੂ ਨਾਨਕ ਦੇਵ (ਰੂਪ) ਕਹਾਇਆ।

ਤਾਤੇ ਅੰਗਦੁ ਭਯਉ, ਤਤ ਸਿਉ ਤਤੁ ਮਿਲਾਯਉ ॥ ਉਨ੍ਹਾਂ (ਗੁਰੂ ਨਾਨਕ ਦੇਵ ਜੀ) ਤੋਂ ਗੁਰੂ ਅੰਗਦ ਦੇਵ ਜੀ ਪ੍ਰਗਟ ਹੋਏ, (ਗੁਰੂ ਨਾਨਕ ਦੇਵ ਜੀ ਨੇ ਅਪਣੀ) ਜੋਤ (ਗੁਰੂ ਅੰਗਦ ਦੇਵ ਜੀ ਦੀ) ਜੋਤ ਨਾਲ ਮਿਲਾ ਦਿਤੀ; (ਗੁਰੂ ਨਾਨਕ ਦੇਵ ਜੀ ਨੇ) ਪਰਮਾਤਮ ਤੱਤ ਨੂੰ (ਗੁਰੂ ਅੰਗਦ ਦੇਵ ਜੀ ਦੇ) ਆਤਮ ਤੱਤ ਨਾਲ ਮਿਲਾ ਦਿਤਾ (ਗੁਰੂ ਨਾਨਕ ਦੇਵ ਅਤੇ ਗੁਰੂ ਅੰਗਦ ਦੇਵ ਇਕ ਰੂਪ ਹੋ ਗਏ)।

ਅੰਗਦਿ ਕਿਰਪਾ ਧਾਰਿ, ਅਮਰੁ ਸਤਿਗੁਰੁ ਥਿਰੁ ਕੀਅਉ ॥ ਅਮਰਦਾਸਿ ਅਮਰਤੁ ਛਤ੍ਰੁ ,ਗੁਰ ਰਾਮਹਿ ਦੀਅਉ ॥ ਗੁਰੂ ਅੰਗਦ ਦੇਵ ਜੀ ਨੇ ਕਿਰਪਾ ਕਰਕੇ ਸੱਤਗੁਰੂ ਅਮਰਦਾਸ ਜੀ ਨੂੰ (ਗੁਰਿਆਈ ਦੇ ਤਖਤ ਤੇ) ਸਥਾਪਨ ਕੀਤਾ।ਗੁਰੂ ਅਮਰਦਾਸ ਜੀ ਨੇ ਅਮਰ ਰਹਿਣ ਵਾਲਾ (ਗੁਰਿਆਈ ਦਾ ਤਖਤ ਅਤੇ) ਛਤਰ ਗੁਰੂ ਰਾਮਦਾਸ ਜੀ ਨੂੰ ਦੇ ਦਿਤਾ।

ਗੁਰ ਰਾਮਦਾਸ ਦਰਸਨੁ ਪਰਸਿ, ਕਹਿ ਮਥੁਰਾ ਅੰਮ੍ਰਿਤ ਬਯਣ ॥ ਮੂਰਤਿ ਪੰਚ ਪ੍ਰਮਾਣ ਪੁਰਖੁ, ਗੁਰੁ ਅਰਜਨੁ ਪਿਖਹੁ ਨਯਣ ॥੧॥ (ਭੱਟ) ਮਥਰਾ ਅੰਮ੍ਰਿਤ ਬਚਨ ਆਖਦਾ ਹੈ ਕਿ ਗੁਰੂ ਰਾਮਦਾਸ ਜੀ ਦੇ ਦਰਸ਼ਨ ਪਰਸ ਕੇ ਪੰਜਵੇਂ ਸਰੂਪ ਗੁਰੂ ਅਰਜਨ ਦੇਵ ਜੀ ਅਕਾਲ ਪੁਰਖ ਰੂਪ ਹੋ ਗਏ ਹਨ, ਅੱਖਾਂ ਨਾਲ (ਉਨ੍ਹਾਂ ਦੇ) ਦਰਸ਼ਨ ਕਰੋ (ਸੰ. ਸ.); ਮਥਰਾ ਭੱਟ ਕਹਿੰਦਾ ਹੈ ਕਿ ਗੁਰੂ ਰਾਮਦਾਸ ਜੀ ਦੇ ਦਰਸ਼ਨ ਪਰਸ ਕੇ ਗੁਰੂ ਅਰਜਨ ਦੇਵ ਜੀ ਦੇ ਬਚਨ ਅੰਮ੍ਰਿਤ ਹੋ ਗਏ (ਸ਼ਬਦਾਰਥ; ਫ. ਸ.; ਦਰਪਣ)।ਪੰਜਵੇਂ ਸਰੂਪ ਗੁਰੂ ਅਰਜਨ ਦੇਵ ਜੀ ਅਕਾਲ ਪੁਰਖ ਰੂਪ ਹਨ; (ਪਹਿਲੇ ਚੌਹਾਂ ਗੁਰੂਆਂ) ਵਰਗੇ ਹੀ ਹਨ, ਅੱਖਾਂ ਨਾਲ (ਗੁਰੂ ਅਰਜਨ ਦੇਵ ਜੀ ਦੇ) ਦਰਸ਼ਨ ਕਰੋ; ਪੰਜਵੇਂ ਸਰੂਪ ਗੁਰੂ ਅਰਜਨ ਦੇਵ ਜੀ ਪ੍ਰਮਾਣੀਕ ਪੁਰਖ ਹਨ, ਅੱਖਾਂ ਨਾਲ (ਉਨ੍ਹਾਂ ਦੇ) ਦਰਸ਼ਨ ਕਰੋ।੧।

ਪਦਾਰਥ = ਜੋਤਿ ਰੂਪਿ ਹਰਿ-ਪ੍ਰਕਾਸ਼ ਰੂਪ ਵਾਹਿਗੁਰੂ ਨੇ।ਆਪਿ-ਆਪ ਹੀ; ਅਪਣੇ ਆਪ ਨੂੰ।ਤਾ ਤੇ-ਉਸ (ਗੁਰੂ ਨਾਨਕ ਦੇਵ ਜੀ) ਤੋਂ।ਭਯਉ-(ਭਇਅਉ ਬੋਲੋ) ਪ੍ਰਗਟ ਹੋਏ।ਤਤੁ ਸਿਉ-ਜੋਤ ਨਾਲ।ਅੰਗਦਿ-ਗੁਰੂ ਅੰਗਦ ਦੇਵ ਜੀ ਨੇ।ਧਾਰਿ-ਕਰਕੇ।ਥਿਰ ਕੀਅਉ-ਸਥਾਪਨ ਕੀਤਾ।ਅਮਰਦਾਸਿ-ਗੁਰੂ ਅਮਰਦਾਸ ਜੀ ਨੇ।ਅਮਰਤੁ-(ਅ+ਮਰਤ ਬੋਲੋ) ਮੌਤ ਤੋਂ ਰਹਿਤ; ਅਟੱਲ; ਨਿਹਚਲ ;ਸਦਾ ਕਾਇਮ ਰਹਿਣ ਵਾਲਾ; ਗੁਰੂ ਅਮਰਦਾਸ ਵਾਲਾ (ਦਰਪਣ)।ਗੁਰ ਰਾਮਹਿ-ਗੁਰੂ ਰਾਮਦਾਸ ਜੀ ਨੂੰ।ਦੀਅਉ-(ਬਖਸ਼) ਦਿਤਾ ।ਪਰਸਿ-ਪਰਸ ਕੇ।ਕਹਿ ਮਥਰਾ-ਭੱਟ ਮਥਰਾ ਕਹਿੰਦਾ ਹੈ।ਅੰਬ੍ਰਿਤ-ਅੰਮ੍ਰਿਤ।ਬਯਣ-(ਬੈਣ ਉਚਾਰੋ) ਬਚਨ।ਮੂਰਤਿ-ਸਰੂਪ; ਸਰੀਰ; ਅਕਾਰ।ਪੰਚ-ਪੰਜਵੇਂ।ਪ੍ਰਮਾਣੁ-ਪ੍ਰਮਾਣੀਕ; ਤੁਲ; ਬਰਾਬਰ; (ਮਨਜ਼ੂਰ); ਮੰਨੇ ਪ੍ਰਮੰਨੇ।ਪਿਖਹੁ-ਦੇਖੋ (ਦਰਸ਼ਨ ਕਰੋ)।

ਨਯਣ–ਅਖਾਂ ਨਾਲ (ਨੈਣ ਉਚਾਰੋ)।ਕਹਾਯਉ ਨੂੰ ਕਹਾਇਅਉ, ਮਿਲਾਯਉ ਨੂੰ ਮਿਲਾਇਅਉ ਉਚਾਰੋ।੧।

ਵਿਆਖਿਆ = {ਗੁਰ ਮਹਿ ਆਪੁ ਰਖਿਆ ਕਰਤਾਰੇ ੧੦੨੪} ਵਾਹਿਗੁਰੂ ਨੇ ਅਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਵਿਚ ਰਖਿਆ ਹੋਇਆ ਹੈ, ਗੁਰੂ ਨਾਨਕ ਦੇਵ ਅਤੇ ਜੋਤ ਸਰੂਪ ਅਕਾਲ ਪੁਰਖ ਇਕੋ ਰੂਪ ਹਨ {ਗੁਰੁ ਨਾਨਕੁ ,ਨਾਨਕੁ ਹਰਿ ਸੋਇ ੮੬੫}।ਜਿਵੇਂ ਦਰਿਆ ਸਮੁੰਦਰ ਵਿਚ ਮਿਲ ਕੇ ਸਮੁੰਦਰ ਦਾ ਹੀ ਰੂਪ ਹੋ ਜਾਂਦੇ ਹਨ, ਤਿਵੇਂ ਗੁਰੂ ਦੀ ਸੇਵਾ ਕਰਕੇ, ਨਾਮ ਸਿਮਰ ਕੇ ਸੇਵਕ ਗੁਰੂ ਤੇ ਹਰੀ ਦਾ ਰੂਪ ਹੋ ਜਾਂਦਾ ਹੈ {ਨਾਨਕ ਗੁਰ ਤੇ ਗੁਰੁ ਹੋਇਆ, ਵੇਖਹੁ ਤਿਸ ਕੀ ਰਜਾਇ।ਇਹੁ ਕਾਰਣੁ ਕਰਤਾ ਕਰੇ, ਜੋਤੀ ਜੋਤਿ ਸਮਾਇ ੪੯੦}।ਜਦ ਸੇਵਕ ਨੂੰ ਗੁਰੂ ਅਪਣੀ ਜਗ੍ਹਾ ਉਪਰ ਅਸਥਾਪਨ ਕਰਦਾ ਹੈ ਤਾਂ ਸੇਵਕ ਵਿਚ ਗੁਰੂ ਅਪਣੀ ਜੋਤ ਦਾ ਵਿਸਫੋਟ ਕਰ ਦੇਂਦਾ ਹੈ।ਜਿਵੇਂ ਬੁਝਿਆ ਹੋਇਆ ਦੀਵਾ, ਜਗਦੇ ਦੀਵੇ ਨਾਲ ਲਗਾ ਕੇ ਜਗਾ ਲਈਦਾ ਹੈ ਤਿਵੇਂ ਹੀ ਆਤਮ ਜੋਤ ਗੁਰੂ ਜੋਤ ਨਾਲ ਲਗ ਕੇ ਜਗ ਪੈਂਦੀ ਹੈ।ਉਸ ਵੇਲੇ ਸਰੀਰ ਬੇਸ਼ਕ ਦੋ ਨਜਰ ਆਉਂਦੇ ਹਨ, ਪਰ ਅੰਤਰ ਆਤਮਾ ਦੋਹਾਂ ਦੀ ਇਕ ਰੂਪ ਹੋਈ ਹੁੰਦੀ ਹੈ।{ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ੯੬੬}।ਗੁਰੂ ਗੋਬਿੰਦ ਸਿੰਘ ਜੀ ਦੇ ਬਚਿਤ੍ਰ ਨਾਟਕ ਵਿਚੋਂ ਵੀ ਇਸਦਾ ਪ੍ਰਮਾਣ ਮਿਲਦਾ ਹੈਃ– {ਸ੍ਰੀ ਨਾਨਕ ਅੰਗਦਿ ਕਰਿ ਮਾਨਾ।ਅਮਰਦਾਸ ਅੰਗਦ ਪਹਿਚਾਨਾ।ਅਮਰਦਾਸ ਰਾਮਦਾਸ ਕਹਾਯੋ।ਸਾਧਨ ਲਖਾ ਮੂੜ ਨਹਿ ਪਾਯੋ।੯।ਭਿੰਨ ਭਿੰਨ ਸਭਹੂ ਕਰਿ ਜਾਨਾ।ਏਕ ਰੂਪ ਕਿਨਹੂ ਪਹਿਚਾਨਾ।...ਰਾਮਦਾਸ ਹਰਿ ਸੋ ਮਿਲਿ ਗਏ।ਗੁਰਤਾ ਦੇਤ ਅਰਜੁਨਹਿ ਭਏ...}।ਇਸ ਸਵੱਯੇ ਦੀਆਂ ਅਖੀਰਲੀਆਂ ਤੁਕਾਂ ਵਿਚ 'ਅੰਬ੍ਰਿਤ ਬਯਣ' ਦੇ ਅਰਥ ਸ਼ਬਦਾਰਥ ਤੇ ਦਰਪਣ ਨੇ ਗੁਰੂ ਅਰਜਨ ਦੇਵ ਜੀ ਦੇ ਬਚਨ ਅੰਮ੍ਰਿਤ ਹੋ ਗਏ, ਕੀਤੇ ਹਨ।ਪਰ ਉਪਰ ਲਿਖੇ ਹੋਏ ਅਰਥ ਸਹੀ ਪ੍ਰਤੀਤ ਹੁੰਦੇ ਹਨ।੧।

ਸਤਿ ਰੂਪੁ ਸਤਿ ਨਾਮੁ, ਸਤੁ ਸੰਤੋਖੁ ਧਰਿਓ ਉਰਿ ॥ (ਗੁਰੂ ਅਰਜਨ ਦੇਵ ਜੀ ਨੇ) ਸਦਾ ਕਾਇਮ ਰਹਿਣ ਵਾਲੇ ਅਕਾਲ ਪੁਰਖ ਦੇ ਰੂਪ, ਸਦਾ ਥਿਰ ਨਾਮ ਨੂੰ ਅਤੇ ਸਤ ਸੰਤੋਖ ਆਦਿਕ ਗੁਣਾਂ ਨੂੰ ਹਿਰਦੇ ਵਿਚ ਧਾਰਿਆ ਹੋਇਆ ਹੈ।

ਆਦਿ ਪੁਰਖਿ ਪਰਤਖਿ, ਲਿਖ੍ਯਉ ਅਛਰੁ ਮਸਤਕਿ ਧੁਰਿ ॥ ਆਦਿ ਪੁਰਖ (ਵਾਹਿਗੁਰੂ) ਨੇ ਪ੍ਰਤੱਖ ਤੌਰ ਤੇ (ਗੁਰੂ ਅਰਜਨ ਦੇਵ ਜੀ ਦੇ) ਮੱਥੇ ਤੇ ਧੁਰ ਤੋਂ ਹੀ (ਇਨ੍ਹਾਂ ਗੁਣਾਂ ਵਾਲੇ ਹੋਣ ਦਾ ਲੇਖ) ਅੱਖਰ ਲਿਖਿਆ ਹੋਇਆ ਹੈ।

ਪ੍ਰਗਟ ਜੋਤਿ ਜਗਮਗੈ, ਤੇਜੁ ਭੂਅ ਮੰਡਲਿ ਛਾਯਉ ॥ (ਆਪ ਦੇ ਅੰਦਰ ਹਰੀ ਦੀ) ਜੋਤ ਪ੍ਰਤੱਖ ਜਗਮਗਾ ਰਹੀ ਹੈ ਅਤੇ ਆਪ ਜੀ ਦਾ ਤੇਜ ਪ੍ਰਤਾਪ (ਸਾਰੇ) ਪ੍ਰਿਥਵੀ ਮੰਡਲ ਵਿਚ ਫੈਲਿਆ ਹੋਇਆ ਹੈ।

ਪਾਰਸੁ ਪਰਸਿ ਪਰਸੁ ਪਰਸਿ, ਗੁਰਿ ਗੁਰੂ ਕਹਾਯਉ ॥ ਪਰਸਣ ਯੋਗ ਪਾਰਸ ਰੂਪ ਗੁਰੂ (ਰਾਮਦਾਸ ਜੀ) ਨੂੰ ਪਰਸ ਪਰਸ ਕੇ ਗੁਰੂ ਤੋਂ ਗੁਰੂ ਅਖਵਾਏ ਹੋ; (ਪਾਰਸ ਰੂਪ ਗੁਰੂ ਨਾਨਕ ਦੇਵ ਜੀ ਨੂੰ ਛੂਹ ਕੇ ਗੁਰੂ ਅੰਗਦ ਦੇਵ ਜੀ ਨੇ ਗੁਰੂ ਕਹਾਇਆ।ਗੁਰੂ ਅੰਗਦ ਦੇਵ ਨੂੰ ਛੋਹ ਕੇ ਗੁਰੂ ਅਮਰਦਾਸ ਜੀ ਨੇ ਗੁਰੂ ਕਹਾਇਆ।ਗੁਰੂ ਅਮਰ ਦਾਸ ਜੀ ਨੂੰ ਪਰਸ ਕੇ ਗੁਰੂ ਰਾਮਦਾਸ ਜੀ ਨੇ ਗੁਰੂ ਕਹਾਇਆ।ਗੁਰੂ ਰਾਮਦਾਸ ਜੀ ਰੂਪ ਪਾਰਸ ਨਾਲ ਪਰਸ ਕੇ ਗੁਰੂ ਅਰਜਨ ਦੇਵ ਜੀ ਨੇ ਗੁਰੂ ਅਖਵਾਇਆ)।

ਭਨਿ ਮਥੁਰਾ ਮੂਰਤਿ ਸਦਾ ਥਿਰੁ, ਲਾਇ ਚਿਤੁ ਸਨਮੁਖ ਰਹਹੁ ॥ ਭੱਟ ਮਥਰਾ ਜੀ ਆਖਦੇ ਹਨ, (ਹੇ ਭੱਟ ਜਨੋਂ! ਗੁਰੂ ਅਰਜਨ ਦੇਵ ਜੀ ਦੇ) ਸਰੂਪ ਵਿਚ ਚਿਤ ਲਗਾ ਕੇ ਸਦਾ ਸਨਮੁਖ ਇਸਥਿਤ (ਖੜੇ) ਰਹੋ; ਮਥਰਾ ਆਖਦਾ ਹੈ (ਹੇ ਗੁਰੂ ਕੇ ਸਿਖੋ!) ਸਦਾ ਥਿਰ ਵਾਹਿਗੁਰੂ ਦੇ ਸਰੂਪ (ਗੁਰੂ ਅਰਜਨ ਦੇਵ ਜੀ) ਦੇ ਸਨਮੁਖ ਚਿਤ ਜੋੜ ਕੇ (ਖੜ੍ਹੇ) ਰਹੋ (ਗੁਰਮੁਖ ਬਣ ਕੇ ਰਹੋ)।

ਕਲਜੁਗਿ ਜਹਾਜੁ ਅਰਜੁਨੁ ਗੁਰੂ, ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥੨॥ ਕਲਜੁਗ ਵਿਚ ਗੁਰੂ ਅਰਜਨ ਦੇਵ ਜੀ ਜਹਾਜ (ਰੂਪ) ਹਨ, ਹੇ ਸਾਰੀ ਸ੍ਰਿਸਟੀ ਦੇ (ਲੋਕੋ! ਤੁਸੀਂ ਗੁਰੂ ਦੇ ਚਰਨੀਂ) ਲਗ ਕੇ ਚੰਗੀ ਤਰ੍ਹਾਂ (ਸੰਸਾਰ ਸਮੁੰਦਰ ਤੋਂ) ਤਰ ਜਾਵੋ।੨।

ਪਦਾਰਥ = ਸਤਿ ਰੂਪੁ–ਸਦਾ ਕਾਇਮ ਰਹਿਣ ਵਾਲੇ ਹਰੀ ਨੂੰ।ਧਰਿਓ ਉਰਿ–ਹਿਰਦੇ ਵਿਚ ਧਾਰਿਆ ਹੈ।ਆਦਿ ਪੁਰਖਿ–ਆਦਿ ਪੁਰਖ (ਹਰੀ) ਨੇ।ਅਛਰੁ–ਅੱਖਰ (ਲੇਖ)।ਮਸਤਕਿ–ਮੱਥੇ ਤੇ।ਧੁਰਿ–ਧੁਰ ਤੋਂ ਹੀ।ਜਗਮਗੈ–ਪ੍ਰਕਾਸ਼ (ਚਮਕ) ਰਹੀ ਹੈ।ਤੇਜ–ਬਲ ;ਸ਼ਕਤੀ।ਭੂਅ ਮੰਡਲਿ–(ਭੂਅ ਨੂੰ ਭੂਆ ਜਾਂ ਭੂਇ ਪੜ੍ਹਨਾ ਅਸ਼ੁੱਧ ਹੈ) ਧਰਤੀ ਮੰਡਲ ਵਿਚ।ਛਾਯਉ–(ਛਾਇਅਉ ਬੋਲੋ) ਫੈਲਿਆ ਹੈ।ਪਾਰਸੁ ਪਰਸਿ–ਪਾਰਸ ਰੂਪ ਗੁਰੂ ਨੂੰ ਛੋਹ ਕੇ।ਪਰਸੁ ਪਰਸਿ–ਪਰਸਣ ਯੋਗ ਗੁਰੂ ਨੂੰ ਪਰਸ (ਛੋਹ) ਕੇ।ਗੁਰਿ–ਗੁਰੂ ਨੇ; ਗੁਰੂ ਤੋਂ।ਭਨਿ ਮਥੁਰਾ–ਮਥਰਾ ਭੱਟ ਆਖਦਾ ਹੈ।ਮੁਰਤਿ–ਸਰੂਪ; ਸਰੀਰ।ਥਿਰੁ–ਇਸਥਿਤ; ਅਚੱਲ।ਲਾਇ–ਲਗਾ ਕੇ।ਸਨਮੁਖ ਰਹਹੁ–ਹਜੂਰੀ ਵਿਚ ਰਹੋ। ਲਗਿ–(ਚਰਨੀਂ) ਲਗ ਕੇ।ਸਗਲ–ਸ੍ਰਿਸ੍ਟਿ–ਸਾਰੀ ਸ੍ਰਿਸਟੀ।ਬਿਤਰਹੁ–(ਬਿ–ਤਰਹੁ ਪੜ੍ਹੋ) ਚੰਗੀ ਤਰ੍ਹਾਂ ਤਰ ਜਾਓ; ਬਿਨਾ ਦੇਰੀ ਦੇ ਤਰ ਜਾਓ; (ਹੋਰ ਜਿਵੇਂ ਤਰੀ ਜਾਂਦੇ ਹਨ, ਤੁਸੀਂ) ਭੀ ਤਰ ਜਾਵੋ।ਸੰ. ਸ. ਨੇ 'ਲਗਿਬਿ ਤਰਹੁ' ਪਾਠ ਕੀਤਾ ਹੈ, ਪਰ ਭਿੰਡਰਾਂ ਵਾਲੀ ਟਕਸਾਲ ਸਮੇਤ ਬਾਕੀ ਸਭ ਦਾ ਪਾਠ 'ਲਗਿ ਬਿਤਰਹੁ' ਹੀ ਹੈ।ਲਿਖ੍ਯਉ ਨੂੰ ਲਿਖਿਅਉ ਤੇ ਕਹਾਯਉ ਨੂੰ

ਕਹਾਇਅਉ ਪੜ੍ਹੋ।੨।

ਵਿਆਖਿਆ = ਇਸ ਤੋਂ ਪਹਿਲੇ ਸਵੱਯੇ ਵਿਚ ਦਸਿਆ ਹੈ ਕਿ ਜੋਤ ਰੂਪ ਗੁਰੂ ਨਾਨਕ ਦੇਵ ਜੀ ਦੀ ਸੇਵਾ ਕਰਕੇ ਬਾਬਾ ਲਹਿਣਾ ਜੀ ਜੋਤ ਰੂਪ ਹੀ ਹੋ ਗਏ। ਜਿਸ ਨੇ ਵੀ ਗੁਰੂ ਜੀ ਦੀ ਤਨ ਮਨ ਧਨ ਨਾਲ ਸੇਵਾ ਕੀਤੀ, ਉਹ ਗੁਰੂ ਦਾ ਹੀ ਰੂਪ ਹੋ ਜਾਂਦਾ ਹੈ। ਪਾਰਸ ਲੋਹੇ ਨੂੰ ਸੋਨਾ ਤਾਂ ਬਣਾ ਦੇਂਦਾ ਹੈ, ਪਰ ਪਾਰਸ ਨਹੀ ਬਣਾ ਸਕਦਾ। {ਪਾਰਸ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ ੨੭} ਪਰ ਪਾਰਸ ਰੂਪ ਗੁਰੂ ਅਪਣੇ ਸਿਖ ਨੂੰ ਪਾਰਸ ਹੀ ਬਣਾ ਦੇਂਦਾ ਹੈ। {ਪਾਰਸ ਪਰਸੇ ਫਿਰਿ ਪਾਰਸੁ ਹੋਏ, ਹਰਿ ਜੀਉ ਅਪਣੀ ਕਿਰਪਾ ਧਾਰੀ ੯੧੧; ਪਾਰਸੁ ਭੇਟਿ ਭਏ ਸੇ ਪਾਰਸ, ਨਾਨਕ ਹਰਿ ਗੁਰ ਸੰਗਿ ਥੀਏ ੧੧੭੨}। ਰਘੂ ਕੁਲ ਦੇ ਸ੍ਰੀ ਰਾਮ ਚੰਦਰ ਜੀ ਅਪਣੇ ਪਰਮ ਭਗਤ ਹਨੂਮਾਨ ਨੂੰ ਅਪਣਾ ਰੂਪ ਨਹੀਂ ਦੇ ਸਕੇ। ਦੁਆਪਰ ਜੁਗ ਦੇ ਅਵਤਾਰੀ ਪੁਰਸ਼ ਸ੍ਰੀ ਕ੍ਰਿਸ਼ਨ ਜੀ ਵੀ ਅਪਣੇ ਅਨਿੰਨ ਭਗਤ ਅਰਜਨ ਨੂੰ ਕ੍ਰਿਸ਼ਨ ਨਹੀ ਬਣਾ ਸਕੇ। ਹਜ਼ਰਤ ਮੁਹੰਮਦ ਸਾਹਿਬ, ਈਸਾ ਮਸੀਹ ਕੋਈ ਵੀ ਅਪਣੇ ਕਿਸੇ ਸੇਵਕ ਨੂੰ ਅਪਣੇ ਵਰਗਾ ਨਹੀਂ ਬਣਾ ਸਕੇ। ਗੁਰੂ ਜੀ ਨੇ ਅਪਣੇ ਸਿਖਾਂ ਨੂੰ ਅਪਣਾ ਰੂਪ ਬਖਸ ਦਿਤਾ। ਗੁਰੂ ਸਿਖੁ ਸਿਖੁ ਗੁਰੂ ਹੈ, ਏਕੋ ਗੁਰ ਉਪਦੇਸੁ ਚਲਾਏ। (੪੪੪)

ਤਿਹ ਜਨ ਜਾਚਹੁ, ਜਗਤ੍ਰ ਪਰ ਜਾਨੀਅਤੁ, ਬਾਸੁਰ ਰਯਨਿ ਬਾਸੁ, ਜਾ ਕੋ ਹਿਤੁ ਨਾਮ ਸਿਉ ॥ (ਹੇ ਭਾਈਓ!) ਉਸ ਗੁਰੂ ਜਨ ਤੋਂ ਮੰਗੋ, ਜਿਸ ਦਾ (ਜਗਤ ਵਿਚ ਰਹਿੰਦਿਆਂ) ਜਗਤ ਤੋਂ ਪਰੇ ਵਾਸਾ ਜਾਣਿਆ ਜਾਂਦਾ ਹੈ; ਜੋ ਜਗਤ ਵਿਚ ਦਾਨੀ ਜਾਣਿਆ ਜਾਂਦਾ ਹੈ ਅਤੇ ਦਿਨ ਰਾਤ ਜਿਸ ਦਾ ਵਾਸਾ ਤੇ ਪ੍ਰੇਮ (ਵਾਹਿਗੁਰੂ ਦੇ) ਨਾਮ ਨਾਲ ਹੈ।

ਪਰਮ ਅਤੀਤੁ ਪਰਮੇਸੁਰ ਕੈ ਰੰਗਿ ਰੰਗ੍ਯੌ ,ਬਾਸਨਾ ਤੇ ਬਾਹਰਿ ਪੈ ਦੇਖੀਅਤੁ ਧਾਮ ਸਿਉ ॥ (ਗੁਰੂ ਜੀ ਸੰਸਾਰ ਤੋਂ) ਬਹੁਤ ਵਿਰਾਗਵਾਨ ਹਨ, ਪ੍ਰਭੂ ਦੇ ਪ੍ਰੇਮ ਵਿਚ ਰੰਗੇ ਹੋਏ ਹਨ, (ਪਦਾਰਥਾਂ ਦੀ) ਵਾਸ਼ਨਾ ਤੋਂ ਰਹਿਤ ਹਨ, ਪਰ ਘਰ ਸਹਿਤ ਦੇਖੀਦਾ ਹੈ (ਗ੍ਰਿਹਸਤ ਵਿਚ ਰਹਿੰਦਿਆਂ ਨਿਰਲੇਪ ਹਨ)।

ਅਪਰ ਪਰੰਪਰ ਪੁਰਖ ਸਿਉ ਪ੍ਰੇਮੁ ਲਾਗ੍ਯੌ ,ਬਿਨੁ ਭਗਵੰਤ ਰਸੁ ਨਾਹੀ ਅਉਰੈ ਕਾਮ ਸਿਉ ॥ ਪਰੇ ਤੋਂ ਪਰੇ, ਜਿਸ ਤੋਂ ਪਰੇ ਹੋਰ ਕੋਈ ਨਹੀ (ਬੇਅੰਤ) ਅਕਾਲ ਪੁਰਖ ਨਾਲ (ਗੁਰੂ ਅਰਜਨ ਦੇਵ ਜੀ) ਦਾ ਪ੍ਰੇਮ ਲਗਿਆ ਹੋਇਆ ਹੈ ਅਤੇ ਭਗਵੰਤ ਤੋਂ ਬਿਨਾ ਹੋਰ ਕਿਸੇ (ਸੰਸਾਰਕ) ਕੰਮ ਨਾਲ ਪ੍ਰੇਮ ਨਹੀ ਹੈ।

ਮਥੁਰਾ ਕੋ ਪ੍ਰਭੁ ਸ੍ਰਬ ਮਯ ਅਰਜੁਨ ਗੁਰੁ, ਭਗਤਿ ਕੈ ਹੇਤਿ ਪਾਇ ਰਹਿਓ ਮਿਲਿ ਰਾਮ ਸਿਉ ॥੩॥ ਗੁਰੂ ਅਰਜਨ ਦੇਵ ਜੀ ਹੀ (ਭੱਟ) ਮਥਰਾ ਦਾ ਸਰਬ ਵਿਆਪਕ ਪ੍ਰਭੂ ਹੈ, ਜੋ ਭਗਤੀ (ਦਾ ਪ੍ਰਕਾਸ਼ ਕਰਨ) ਵਾਸਤੇ ਵਾਹਿਗੁਰੂ ਦੇ ਚਰਨਾਂ ਨਾਲ ਮਿਲ ਰਿਹਾ ਹੈ ਭਾਵ ਪ੍ਰਭੂ ਨਾਲ ਅਭੇਦ ਹਨ (ਭਾ. ਵੀਰ ਸਿੰਘ)।੩।

ਪਦਾਰਥ = ਤਿਹ ਜਨ-ਉਸ ਮਹਾਂ ਪੁਰਖ (ਗੁਰੂ ਅਰਜਨ ਦੇਵ ਜੀ) ਤੋਂ। ਜਾਚਹੁ-ਮੰਗੋ। ਜਗਤ੍ਰ ਪਰ-(ਜਗੱਤ੍ਰ ਉਚਾਰੋ) ਸੰਸਾਰ ਵਿਚ; ਜਗਤ ਤੋਂ ਪਰੇ। ਜਾਨੀਅਤੁ-ਜਾਣਿਆ ਜਾਂਦਾ; ਪ੍ਰਗਟ ਹੈ। ਬਾਸੁਰ-ਦਿਨ। ਰਯਨਿ-(ਰੈਨ ਬੋਲੋ) ਰਾਤ। ਬਾਸੁ-ਨਿਵਾਸ। ਜਾ ਕੋ -ਜਿਸ ਦਾ। ਹਿਤ-ਪਿਆਰ। ਨਾਮ ਸਿਉ-ਨਾਮ ਨਾਲ। ਪਰਮ ਅਤੀਤੁ-ਬੜੇ ਵੈਰਾਗਵਾਨ। ਕੈ-ਦੇ। ਰੰਗਿ ਰੰਗ੍ਯੌ-(ਰੰਗਿਅਉ ਪੜ੍ਹੋ) ਪ੍ਰੇਮ ਵਿਚ ਰੰਗੇ ਹੋਏ। ਬਾਸਨਾ-ਵਾਸ਼ਨਾ। ਤੇ-ਤੋਂ। ਬਾਹਰਿ-ਬਿਨਾ; ਰਹਿਤ। ਪੈ-ਪ੍ਰੰਤੂ। ਦੇਖੀਅਤੁ-ਦੇਖੀਦਾ ਹੈ। ਧਾਮ ਸਿਉ-ਘਰ ਬਾਰ ਵਾਲਾ; ਘਰ ਸਮੇਤ (ਗ੍ਰਿਹਸਤ ਵਿਚ)। ਅਪਰ ਪਰੰਪਰ-ਪਰੇ ਤੋਂ ਪਰੇ, ਜਿਸ ਤੋਂ ਪਰੇ ਹੋਰ ਕੋਈ ਨਹੀਂ ਭਾਵ ਬੇਅੰਤ। ਲਾਗ੍ਯੌ-(ਲਾਗਿਅਉ ਪੜ੍ਹੋ) ਲਗਾ ਹੋਇਆ ਹੈ। ਰਸੁ ਨਾਹੀ-ਪ੍ਰੇਮ ਨਹੀ; ਸਵਾਦ ਨਹੀ। ਅਉਰੈ ਕਾਮੁ ਸਿਉ-ਹੋਰ ਕੰਮ ਨਾਲ। ਕੋ-ਨੂੰ। ਸ੍ਰਬ ਮਯ-ਸਰਬ ਵਿਆਪਕ। ਭਗਤਿ ਕੈ ਹੇਤਿ-ਭਗਤੀ ਦੇ ਵਾਸਤੇ। ਪਾਇ-ਚਰਨ; ਪਾ ਕੇ। ਰਹਿਓ ਮਿਲਿ-ਮਿਲ ਰਿਹਾ ਹੈ। ਰਾਮ ਸਿਉ-ਹਰੀ ਨਾਲ।੩।

ਅੰਤੁ ਨ ਪਾਵਤ ਦੇਵ ਸਬੈ ਮੁਨਿ, ਇੰਦ੍ਰ ਮਹਾ ਸਿਵ ਜੋਗ ਕਰੀ ॥ (ਜਿਸ ਵਾਹਿਗੁਰੂ ਦਾ ਰੂਪ ਗੁਰੂ ਅਰਜਨ ਦੇ ਜੀ ਹਨ, ਉਸ ਦਾ) ਅੰਤ ਸਾਰੇ ਦੇਵਤਿਆਂ ਅਤੇ ਰਿਖੀਆਂ ਮੁਨੀਆਂ ਨੇ ਨਹੀ ਪਾਇਆ, ਇੰਦ੍ਰ ਤੇ ਸ਼ਿਵ ਜੀ (ਆਦਿਕਾਂ ਨੇ) ਮਹਾਨ ਜੋਗ ਸਾਧਨਾ ਕੀਤੀ (ਫਿਰ ਵੀ ਅੰਤ ਨਹੀ ਪਾ ਸਕੇ)।

ਅੰਗ ੧੪੦੯ = ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ, ਹਰਿ ਜਾਪੁ ਨ ਛਾਡ੍ਯਉ ਏਕ ਘਰੀ ॥ ਫਿਰ ਬ੍ਰਹਮਾ ਬੇਦਾਂ ਦੀ ਬਿਚਾਰ ਕਰਦਾ ਰਿਹਾ ਅਤੇ (ਉਸ ਨੇ) ਹਰੀ ਦੇ ਜਾਪ ਨੂੰ ਇਕ ਘੜੀ ਵੀ ਨਹੀ ਛਡਿਆ (ਫਿਰ ਵੀ ਅੰਤ ਹਰੀ ਦਾ ਨਹੀ ਪਾ ਸਕਿਆ)। ਮਹਿਮਾ ਨ ਜਾਨਹਿ ਬੇਦ। ਬ੍ਰਹਮੇ ਨਹੀ ਜਾਨਹਿ ਭੇਦ। ਅਵਤਾਰ ਨ ਜਾਨਹਿ ਅੰਤੁ। ਪਰਮੇਸਰੁ ਪਾਰਬ੍ਰਹਮ ਬੇਅੰਤੁ। (੮੯੪)

ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ, ਸੰਗਤਿ ਸ੍ਰਿਸ੍ਟਿ ਨਿਹਾਲੁ ਕਰੀ ॥ ਦਾਸ ਮਥਰਾ ਦਾ ਪ੍ਰਭੂ (ਗੁਰੂ ਅਰਜਨ ਦੇਵ ਜੀ) ਗਰੀਬਾਂ

ਤੇ ਦਇਆ ਕਰਨ ਵਾਲਾ ਹੈ, (ਉਸ ਪ੍ਰਭੂ ਨੇ ਗੁਰੂ ਦੇ ਰੂਪ ਵਿਚ ਆ ਕੇ) ਸ੍ਰਿਸਟੀ ਵਿਚ ਸਾਰੀ ਸੰਗਤ ਨਿਹਾਲ ਕਰ ਦਿਤੀ ਹੈ।
ਰਾਮਦਾਸਿ ਗੁਰੂ ਜਗ ਤਾਰਨ ਕਉ, ਗੁਰ ਜੋਤਿ ਅਰਜੁਨ ਮਾਹਿ ਧਰੀ ॥੪॥ ਗੁਰੂ ਰਾਮਦਾਸ ਜੀ ਨੇ (ਅਪਣੇ ਤੋਂ ਅੱਗੇ) ਜਗਤ ਦੇ ਤਾਰਨ ਵਾਸਤੇ ਗੁਰੂ ਵਾਲੀ ਜੋਤ (ਗੁਰੂ ਵਾਲਾ ਆਤਮ ਪ੍ਰਕਾਸ਼) ਗੁਰੂ ਅਰਜਨ ਦੇਵ ਜੀ ਵਿਚ ਰੱਖ ਦਿਤੀ ਹੈ।੪।
ਪਦਾਰਥ = ਨ ਪਾਵਤ-ਨਹੀਂ ਪਾਇਆ।ਦੇਵ ਸਬੈ-ਸਾਰੇ ਦੇਵਤੇ (ਕਿਸੇ ਕਿਸੇ ਬੀੜ ਵਿਚ ਪਾਠ 'ਸ੍ਰਬੈ' ਵੀ ਆਉਂਦਾ ਹੈ, ਪਰ ਅਰਥ ਇਕੋ ਹੀ ਹੈ)।ਮੁਨਿ-ਰਿਸ਼ੀ ਮੁਨੀਆਂ ਨੇ।ਮਹਾ-ਮਹਾਨ; ਬਹੁਤ।ਜੋਗ ਕਰੀ-ਲੰਬਾ ਸਮਾਂ ਸਮਾਧੀਆਂ ਵਿਚ ਜੁੜੇ ਰਹੇ; ਜੋਗਾ ਸਾਧਨਾ ਕੀਤੀ।ਫੁਨਿ-ਅਤੇ; ਫਿਰ।ਬਿਰੰਚਿ-ਬ੍ਰਹਮਾ ਨੇ।ਬਿਚਾਰਿ ਰਹਿਓ-ਬਿਚਾਰਦਾ ਰਿਹਾ; ਬਿਚਾਰ ਕੇ ਥੱਕ ਗਿਆ।ਏਕ ਘਰੀ -ਇਕ ਘੜੀ।ਮਥੁਰਾ ਜਨ ਕੋ-ਮਥਰਾ ਸੇਵਕ ਦਾ; ਮਥਰਾ ਵਰਗੇ ਸੇਵਕਾਂ ਦਾ।ਦੀਨ ਦਯਾਲੁ-ਗਰੀਬਾਂ ਉਤੇ ਦਇਆ ਕਰਨ ਵਾਲਾ ।ਸੰਗਤਿ ਸ੍ਰਿਸ੍ਰਿ -ਦੁਨੀਆਂ ਵਿਚ ਸਾਰੀ ਸੰਗਤ ਨੂੰ।ਨਿਹਾਲੁ ਕਰੀ-ਕ੍ਰਿਤਾਰਥ (ਨਿਹਾਲ) ਕਰ ਦਿਤਾ।ਰਾਮਦਾਸਿ ਗੁਰੂ-ਗੁਰੂ ਰਾਮ ਦਾਸ ਜੀ ਨੇ।ਜਗ ਤਾਰਨ ਕਉ-ਜਗਤ ਨੂੰ ਤਾਰਨ ਵਾਸਤੇ।ਗੁਰ ਜੋਤਿ-ਗੁਰੂ ਦੇ ਅੰਦਰ ਵਾਹਿਗੁਰੂ ਦਾ ਜਾਹਰਾ ਪ੍ਰਕਾਸ਼; ਗੁਰੂ ਵਾਲਾ ਆਤਮ ਪ੍ਰਕਾਸ਼।ਅਰਜੁਨ ਮਾਹਿ-ਗੁਰੂ ਅਰਜਨ ਦੇਵ ਜੀ ਵਿਚ।ਧਰੀ-ਰਖ ਦਿਤੀ।੪।
ਜਗ ਅਉਰੁ ਨ ਯਾਹਿ ਮਹਾ ਤਮ ਮੈ, ਅਵਤਾਰੁ ਉਜਾਗਰੁ ਆਨਿ ਕੀਅਉ ॥ ਜਗਤ ਦੇ ਇਸ ਘੁੱਪ ਹਨ੍ਹੇਰੇ ਵਿਚ (ਗੁਰੂ ਅਰਜਨ ਦੇਵ ਜੀ ਤੋਂ ਬਿਨਾ ਪ੍ਰਕਾਸ਼ ਕਰਨ ਵਾਲਾ) ਹੋਰ ਕੋਈ ਨਹੀ ਰਿਹਾ, ਤਾਂ ਹਰੀ ਨੇ (ਆਪ ਜੀ ਨੂੰ) ਲਿਆ ਕੇ ਅਵਤਾਰ ਦੇ ਤੌਰ ਤੇ ਪ੍ਰਗਟ ਕੀਤਾ (ਸ਼ਬਦਾਰਥ); ਇਸ ਜਗਤ ਵਿਚ (ਜਦ ਧਰਮ ਦੀ ਰਖਿਆ ਲਈ) ਹੋਰ ਕੋਈ ਮਹਾ ਪੁਰਖ ਨਾ ਰਿਹਾ (ਤਾਂ ਜੋਤ ਰੂਪ ਗੁਰੂ ਨਾਨਕ ਦੇਵ ਜੀ ਨੇ) ਆ ਕੇ (ਅਪਣੇ ਆਪ ਨੂੰ) ਅਵਤਾਰ ਪ੍ਰਗਟ ਕੀਤਾ (ਭਾ. ਵੀਰ ਸਿੰਘ; ਫ. ਸ. ਟਕਸਾਲ)।

ਅਕਾਲ ਮੂਰਤਿ ਅਜੂਨੀ ਸੰਭਉ ਕਲਿ ਅੰਧਕਾਰ ਦੀਪਾਈ।(੯੧੬)

ਤਿਨ ਕੇ ਦੁਖ ਕੋਟਿਕ ਦੂਰਿ ਗਏ, ਮਥੁਰਾ ਜਿਨ੍ ਅੰਮ੍ਰਿਤ ਨਾਮੁ ਪੀਅਉ ॥ ਭੱਟ ਮਥਰਾ ਜੀ ਕਹਿੰਦੇ ਹਨ, ਉਨ੍ਹਾਂ (ਮਨੁੱਖਾਂ) ਦੇ ਕ੍ਰੋੜਾਂ ਦੁੱਖ ਦੂਰ ਹੋ ਗਏ ਹਨ, ਜਿਨ੍ਹਾਂ ਨੇ (ਗੁਰੂ ਅਰਜਨ ਦੇਵ ਜੀ ਤੋਂ) ਨਾਮ ਰੂਪ ਅੰਮ੍ਰਿਤ ਪੀਤਾ ਹੈ।
ਇਹ ਪਧਤਿ ਤੇ ਮਤ ਚੂਕਹਿ ਰੇ ਮਨ, ਭੇਦੁ ਬਿਭੇਦੁ ਨ ਜਾਨ ਬੀਅਉ ॥ ਹੇ ਮਨ! (ਸਿੱਖੀ ਦੇ) ਇਸ ਰਸਤੇ ਤੋਂ ਖੁੰਝ ਨਾ ਜਾਈਂ, (ਗੁਰੂ ਤੇ ਹਰੀ ਵਿਚ ਜੋ) ਭੇਦ ਸਮਝਦਾ ਹੈਂ, ਉਸ ਭੇਦ ਤੋਂ ਰਹਿਤ ਹੋ ਜਾਹ, (ਗੁਰੂ ਅਰਜਨ ਦੇਵ ਜੀ ਨੂੰ ਹਰੀ ਦੇ ਰੂਪ ਚਾਰ ਪਾਤਸ਼ਾਹੀਆਂ ਤੋਂ) ਦੂਜਾ ਨਾ ਸਮਝ (ਇਕ ਰੂਪ ਸਮਝ) ਭਾਵ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਨਾਨਕ ਦੇਵ ਜਾਂ ਨਿਰੰਕਾਰ ਤੋਂ ਵਖਰਾ ਨਾ ਜਾਣੀਂ (ਇਕੋ ਹੀ ਰੂਪ ਸਮਝੀਂ)।
ਪਰਤਛਿ ਰਿਦੈ ਗੁਰ ਅਰਜੁਨ ਕੈ, ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥੫॥ (ਕਿਉਂਕਿ) ਗੁਰੂ ਅਰਜਨ ਦੇਵ ਜੀ ਦੇ ਹਿਰਦੇ ਵਿਚ ਪ੍ਰਤੱਖ ਤੌਰ ਤੇ ਪੂਰਨ ਹਰੀ ਬ੍ਰਹਮ ਨੇ ਨਿਵਾਸ ਲਿਆ ਹੋਇਆ ਹੈ।੫।
ਪਦਾਰਥ = ਜਗ-ਜਗਤ।ਅਉਰੁ-ਹੋਰ ਦੂਜਾ।ਯਾਹਿ-ਇਸ।ਮਹਾਤਮ-ਮਹਾਂ ਪੁਰਖ; ਬਹੁਤ ਹਨ੍ਹੇਰਾ।ਉਜਾਗਰ-ਪ੍ਰਗਟ; ਪ੍ਰਕਾਸ਼ਿਤ ।ਆਨਿ-ਆ ਕੇ; ਲਿਆ ਕੇ।ਕੀਅਉ-(ਕੀਓ ਪੜ੍ਹਨਾ ਅਸ਼ੁੱਧ ਹੈ) ਕੀਤਾ।ਤਿਨ ਕੇ-ਉਨ੍ਹਾਂ (ਮਨੁੱਖਾਂ) ਦੇ।ਕੋਟਿਕ-ਕ੍ਰੋੜਾਂ ਹੀ। ਮਥੁਰਾ-ਭੱਟ ਦਾ ਨਾਂ ਹੈ।ਜਿਨ੍-ਜਿਨ੍ਹਾਂ ਨੇ।ਪੀਅਉ-(ਪੀਓ ਨਹੀਂ, ਪੀਔ ਪੜ੍ਹੋ) ਪੀਤਾ ਹੈ।ਪਧਤਿ-ਰਹਿਤ ਮਰਿਆਦਾ; ਸਿੱਖੀ ਮਾਰਗ।ਤੇ-ਤੋਂ।ਮਤ ਚੂਕਹਿ-ਭੁੱਲ (ਉਕ; ਖੁੰਝ) ਨਾ ਜਾਵੀਂ; ਮੱਤਾਂ ਦੂਰ ਹੋ ਜਾਵੇਂ।ਭੇਦੁ ਬਿਭੇਦੁ-ਭਿੰਨ ਭੇਦ; ਭੇਦ ਪਰ ਭੇਦ; ਭੇਦ ਨੂੰ ਭੇਦ ਤੋਂ ਰਹਿਤ ਕਰ ਦੇਹ।ਨਾ ਜਾਨ-ਨਾ ਸਮਝ ('ਜਾਨ', ਦੇਹਲੀ ਦੀਪਕ ਹੋ ਕੇ ਦੋਹਾਂ ਪਾਸੇ ਲਗਦਾ ਹੈ)।ਬੀਅਉ-(ਬੀਓ ਨਹੀ, ਬੀਔ ਬੋਲੋ) ਦੂਜਾ।ਪਰਤਛਿ-ਪ੍ਰਤੱਖ।ਰਿਦੈ-ਹਿਰਦੇ ਵਿਚ।ਹਰਿ ਪੂਰਨ ਬ੍ਰਹਮਿ-ਵਿਆਪਕ ਹਰੀ ਬ੍ਰਹਮ ਨੇ।ਨਿਵਾਸੁ-ਵਾਸਾ; ਟਿਕਾਣਾ।੫।
ਨੋਟ = ਭਾ. ਵੀਰ ਸਿੰਘ ਜੀ ਨੇ ਪਹਿਲੀ ਤੁਕ ਦੇ ਇਕ ਹੋਰ ਅਰਥ ਵੀ ਕੀਤੇ ਹਨ = ਇਸ ਜਗਤ ਵਿਚ ਐਹੋ ਜਿਹਾ ਹੋਰ ਮਹਾਂ ਪੁਰਖ (ਕੋਈ) ਨਹੀਂ (ਹੋਇਆ ਜੋ) ਅਵਤਾਰ (ਹੋਵੇ ਤੇ ਜਿਸ ਨੇ ਵਾਹਿਗੁਰੂ ਨਾਮ ਨੂੰ ਐਨਾ) ਆ ਕੇ ਉਜਾਗਰ ਕੀਤਾ ਹੋਵੇ।੫।
ਜਬ ਲਉ ਨਹੀ ਭਾਗ ਲਿਲਾਰ ਉਦੈ, ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ॥ ਕਲਿ ਘੋਰ ਸਮੁਦ੍ਰ ਮੈ ਬੂਡਤ ਥੇ, ਕਬਹੂ ਮਿਟਿ ਹੈ ਨਹੀ ਰੇ ਪਛਤਾਯਉ ॥ (ਮਥਰਾ ਭੱਟ ਹੱਡ ਬੀਤੀ ਦਸ ਰਿਹਾ ਹੈ) ਜਦ ਤਕ ਸਾਡੇ ਮੱਥੇ ਦੇ ਭਾਗ ਜਾਗੇ ਨਹੀਂ ਸਨ, ਉਦੋਂ ਤਕ (ਬਹੁਤ ਸਥਾਨਾਂ ਤੇ) ਭਟਕਦੇ ਤੇ ਬਹੁਤ ਦੌੜਦੇ ਫਿਰਦੇ ਰਹੇ (ਕਿਤੋਂ ਵੀ ਸ਼ਾਂਤੀ ਨਾ ਮਿਲੀ)।ਇਸ ਕਲਜੁਗ ਦੇ ਭਿਆਨਕ ਸਮੁੰਦਰ ਵਿਚ ਡੁਬ ਰਹੇ ਸਾਂ, ਹੇ ਭਾਈ! (ਜੇ ਗੁਰੂ ਜੀ ਨਾ ਮਿਲਦੇ ਤਾਂ ਕਦੇ ਵੀ) ਪਛਤਾਵਾ ਮਿਟਣਾ ਨਹੀ ਸੀ; (ਜੇ ਸਾਨੂੰ ਗੁਰੂ ਅਰਜਨ ਦੇਵ ਜੀ ਨਾ ਮਿਲਦੇ ਤਾਂ ਇਹ ਆਵਾਗੌਣ) ਕਦੇ ਮਿਟਣਾ ਨਹੀਂ ਸੀ, ਪਛਤਾਉਂਦੇ ਹੀ ਰਹਿਣਾ ਸੀ (ਮੇਰਾ ਖਿਆਲ)।

ਤਤੁ ਬਿਚਾਰੁ ਯਹੈ ਮਥੁਰਾ, ਜਗ ਤਾਰਨ ਕਉ ਅਵਤਾਰੁ ਬਨਾਯਉ ॥ ਜਪੵਉ ਜਿਨ੍ ਅਰਜੁਨ ਦੇਵ ਗੁਰੂ, ਫਿਰਿ ਸੰਕਟ ਜੋਨਿ ਗਰਭ ਨ ਆਯਉ ॥੬॥ ਮਥਰਾ ਜੀ ਆਖਦੇ ਹਨ ਕਿ ਅਸਲੀ ਬਿਚਾਰ ਇਹੀ ਹੈ, ਜਗਤ ਦੇ (ਸਾਡੇ ਵਰਗੇ ਡੁਬਦਿਆਂ ਨੂੰ) ਤਾਰਨ ਲਈ (ਹਰੀ ਨੇ ਗੁਰੂ ਅਰਜਨ ਦੇਵ ਜੀ ਨੂੰ) ਅਵਤਾਰ ਬਨਾਇਆ ਹੈ। ਜਿਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਜਪਿਆ ਹੈ, ਉਹ ਮੁੜ ਕੇ ਗਰਭ ਜੋਨੀ ਦੇ ਦੁਖਾਂ ਵਿਚ ਨਹੀ ਆਏ (ਜਨਮ ਮਰਨ ਦੇ ਦੁਖਾਂ ਵਿਚ ਨਹੀ ਪਏ)।੬।

ਪਦਾਰਥ = ਜਬ ਲਉ–ਜਦ ਤਕ। ਭਾਗ ਲਿਲਾਰ ਉਦੈ–ਮੱਥੇ ਦੇ ਭਾਗ ਨਹੀ ਸਨ ਜਾਗੇ। ਤਬ ਲਉ–ਉਦੋਂ ਤਕ। ਭ੍ਰਮਤੇ ਫਿਰਤੇ–ਭਟਕਦੇ ਫਿਰਦੇ ਰਹੇ ਹਾਂ। ਬਹੁ ਧਾਯਉ–(ਧਾਇਅਉ ਬੋਲੋ) ਬਹੁਤ ਦੌੜਦੇ ਰਹੇ (ਬਹੁਤ ਜੋਨੀਆਂ ਵਿਚ ਭਟਕਦੇ ਰਹੇ)। ਕਲਿ–ਕਲਜੁਗ। ਘੋਰ ਸਮੁਦ੍ਰ ਮੈ–ਭਿਆਨਕ ਸਮੁੰਦਰ ਵਿਚ। ਬੂਡਤ ਥੇ–ਡੁਬ ਰਹੇ ਸੀ। ਕਬਹੂ–ਕਦੇ ਵੀ। ਮਿਟਿ ਹੈ ਨਹੀ–ਮਿਟਣਾ ਨਹੀ ਸੀ। ਰੇ–ਹੇ ਭਾਈ। ਪਛਤਾਯਉ–(ਪਛਤਾਇਅਉ ਬੋਲੋ) ਪਛਤਾਵਾ; ਪਛਤਾਉਣਾ ਸੀ। ਤਤੁ ਬਿਚਾਰੁ–ਯਥਾਰਥ (ਠੀਕ; ਸਚੀ) ਬਿਚਾਰ। ਯਹੈ–(ਯਯਾ ਪੂਰਾ ਬੋਲੋ) ਇਹੀ ਹੈ। ਤਾਰਨ ਕਉ–ਤਾਰਨ ਲਈ। ਬਨਾਯਉ–(ਬਨਾਇਅਉ ਬੋਲੋ) ਬਣਾਇਆ (ਸਿਰਜਿਆ) ਹੈ। ਜਪੵਉ–(ਜਪਿਅਉ ਬੋਲੋ) ਜਪਿਆ ਹੈ। ਜਿਨ੍–ਜਿਨ੍ਹਾਂ ਨੇ। ਫਿਰਿ–ਮੁੜ ਕੇ। ਸੰਕਟ ਜੋਨਿ ਗਰਭ–ਗਰਭ ਜੋਨੀਆਂ ਦੇ ਦੁਖਾਂ ਵਿਚ।੬।

ਵਿਆਖਿਆ = ਭੱਟ ਅਪਣੀ ਹੱਡ ਬੀਤੀ ਬਿਆਨ ਕਰਦੇ ਹਨ। ਮਨ ਦੀ ਸ਼ਾਂਤੀ ਲੈਣ ਲਈ ਕਈ ਸਾਧੂਆਂ ਸੰਤਾਂ ਦੇ ਡੇਰਿਆਂ ਵਿਚ ਗਏ ,ਪਰ ਸਫਲਤਾ ਨਹੀ ਮਿਲੀ, ਕਿਉਂਕਿ ਸੱਚਾ ਸਾਧੂ ਕੋਈ ਨਹੀ ਸੀ ਮਿਲਿਆ। ਭਿਖਿਆ ਜੀ ਵੀ 'ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ'(੧੩੯੫) ਤੇ ਇਸੇ ਤਰ੍ਹਾਂ ਦੀ ਹੀ ਵਾਰਤਾ ਲਿਖਦੇ ਹਨ। ਇਹ ਭੱਟ ਰੱਬੀ ਖੋਜ ਵਿਚ ਵਿਚਰਦੇ ਹੋਏ ਗੁਰੂ ਜੀ ਦੇ ਦਰਬਾਰ ਵਿਚ ਪੁਜੇ। ਜਿਥੇ ਕਥਾ ਕੀਰਤਨ ਸ੍ਰਵਣ ਕਰਦਿਆਂ ਨੂੰ ਸ਼ਾਂਤੀ ਮਿਲੀ। ਗੁਰੂ ਜੀ ਦੀ ਸੰਗਤ ਵਿਚ ਰਹਿ ਕੇ ਸੇਵਾ ਕਰਦਿਆਂ ਉਚੀ ਮਾਨਸਕ ਅਵਸਥਾ ਪ੍ਰਾਪਤ ਕੀਤੀ। ਜੋ ਗੁਰੂ ਦਰਬਾਰ ਵਿਚ ਇਨ੍ਹਾਂ ਭੱਟ ਜਨਾਂ ਨੇ ਦੇਖਿਆ ਸੁਣਿਆ ਤੇ ਅਨੁਭਵ ਕੀਤਾ, ਉਹ ਇਨ੍ਹਾਂ ਨੇ ਸਵੱਯਾਂ ਰਾਹੀ ਵਰਨਣ ਕਰਕੇ ਅਪਣਾ ਜੀਵਨ ਸਫਲ ਕੀਤਾ ਹੈ।੬।

ਕਲਿ ਸਮੁਦ੍ਰ ਭਏ ਰੂਪ ਪ੍ਰਗਟਿ, ਹਰਿ ਨਾਮ ਉਧਾਰਨੁ ॥ ਸਮੁੰਦਰ ਦੀ ਨਿਆਈਂ ਕਲਜੁਗ ਵਿਚ (ਗੁਰੂ ਅਰਜਨ ਦੇਵ ਜੀ ਹਰੀ) ਰੂਪ ਪ੍ਰਗਟ ਹੋਏ ਹਨ, (ਇਸ ਤੋਂ) ਤਾਰਨ ਲਈ (ਗੁਰੂ ਜੀ ਕੋਲ ਜਹਾਜ ਰੂਪ) ਹਰੀ ਦਾ ਨਾਮ ਹੈ; ਕਲਜੁਗ ਦੇ ਸਮੁੰਦਰ ਤੋਂ ਤਾਰਨ ਲਈ ਗੁਰੂ ਅਰਜਨ ਦੇਵ ਜੀ ਹਰੀ ਦਾ ਨਾਮ ਰੂਪ ਹੋ ਕੇ ਪ੍ਰਗਟੇ ਹਨ (ਸ਼ਬਦਾਰਥ; ਦਰਪਣ)।

ਬਸਹਿ ਸੰਤ ਜਿਸੁ ਰਿਦੈ, ਦੁਖ ਦਾਰਿਦ੍ਰ ਨਿਵਾਰਨੁ ॥ ਨਿਰਮਲ ਭੇਖ ਅਪਾਰ, ਤਾਸੁ ਬਿਨੁ ਅਵਰੁ ਨ ਕੋਈ ॥ ਜਿਸ (ਮਨੁੱਖ) ਦੇ ਹਿਰਦੇ ਵਿਚ ਸ਼ਾਂਤ ਸਰੂਪ ਗੁਰੂ ਅਰਜਨ ਦੇਵ ਜੀ ਵਸਦੇ ਹਨ, (ਗੁਰੂ ਜੀ) ਉਸ ਦੇ ਸਾਰੇ ਦੁਖ ਦਲਿੱਦ੍ਰ ਦੂਰ ਕਰਨ ਵਾਲੇ ਹਨ। (ਗੁਰੂ ਜੀ) ਬੇਅੰਤ ਵਾਹਿਗੁਰੂ ਦਾ ਨਿਰਮਲ ਰੂਪ ਹਨ, ਉਨ੍ਹਾਂ ਤੋਂ ਬਿਨਾ ਹੋਰ ਕੋਈ (ਹਰੀ ਰੂਪ) ਨਹੀਂ ਹੈ।

ਮਨ ਬਚ ਜਿਨਿ ਜਾਣਿਅਉ, ਭਯਉ ਤਿਹ ਸਮਸਰਿ ਸੋਈ ॥ ਧਰਨਿ ਗਗਨ ਨਵ ਖੰਡ ਮਹਿ, ਜੋਤਿ ਸ੍ਵਰੂਪੀ ਰਹਿਓ ਭਰਿ ॥ (ਕਿਉਂ ਕਿ) ਜਿਸ (ਮਨੁੱਖ) ਨੇ ਮਨ ਬਚਨਾਂ ਦੁਆਰਾ (ਹਰੀ ਨੂੰ) ਜਾਣਿਆ ਹੈ, ਉਹ ਹਰੀ ਵਰਗਾ ਹੀ ਹੋ ਗਿਆ {ਜਿਨਿ ਜਾਤਾ ਸੋ ਤਿਸੁ ਹੀ ਜੇਹਾ ੯੩੧}। ਧਰਤੀ ਅਕਾਸ਼ ਅਤੇ ਨੌਂ ਖੰਡਾਂ ਵਿਚ ਜੋ ਜੋਤ ਸਰੂਪ ਵਾਹਿਗੁਰੂ ਵਿਆਪਕ ਹੋ ਰਿਹਾ ਹੈ।

ਭਨਿ ਮਥੁਰਾ ਕਛੁ ਭੇਦੁ ਨਹੀ, ਗੁਰੁ ਅਰਜੁਨੁ ਪਰਤਖੵ ਹਰਿ ॥੭॥੧੯॥ ਭੱਟ ਮਥਰਾ ਜੀ ਕਹਿੰਦੇ ਹਨ ਕਿ (ਉਸ ਹਰੀ ਅਤੇ ਗੁਰੂ ਅਰਜਨ ਦੇਵ ਜੀ ਵਿਚ) ਕੁਛ ਫਰਕ ਨਹੀ ਹੈ, ਗੁਰੂ ਅਰਜਨ ਦੇਵ ਜੀ ਪ੍ਰਤੱਖ ਹਰੀ (ਸਰੂਪ) ਹਨ।੭।੧੯।

ਪਦਾਰਥ = ਕਲਿ–ਕਲਜੁਗ। ਭਏ ਪ੍ਰਗਟਿ–ਪ੍ਰਗਟ ਹੋਏ ਹਨ; ਪੈਦਾ ਹੋਏ। ਉਧਾਰਨੁ–ਤਾਰਨ ਵਾਸਤੇ। ਸੰਤ–ਸ਼ਾਂਤ ਸਰੂਪ ਗੁਰੂ ਜੀ। ਰਿਦੈ–ਹਿਰਦੇ ਵਿਚ। ਦਾਰਿਦ੍ਰ–ਗਰੀਬੀ। ਨਿਵਾਰਨੁ–ਦੂਰ ਕਰਨ ਵਾਲੇ ਹਨ। ਨਿਰਮਲ–ਮੈਲ ਰਹਿਤ (ਪਵਿਤ੍ਰ)। ਭੇਖ–ਸਰੂਪ। ਤਾਸੁ ਬਿਨੁ–ਉਸ (ਗੁਰੂ ਜੀ ਤੋਂ) ਬਿਨਾ। ਅਵਰੁ–ਹੋਰ। ਮਨ ਬਚ–ਮਨ ਅਤੇ ਬਚਨਾਂ ਕਰਕੇ। ਜਿਨਿ–ਜਿਸ ਨੇ। ਜਾਣਿਅਉ–ਜਾਣਿਆ ਹੈ। ਭਯਉ–(ਭਇਅਉ ਬੋਲੋ) ਹੋ ਗਿਆ। ਤਿਹ–ਉਸ (ਹਰੀ)। ਸਮਸਰਿ–ਬਰਾਬਰ; ਵਰਗਾ। ਸੋਈ–ਉਹ। ਧਰਨਿ–ਧਰਤੀ ਵਿਚ। ਗਗਨ–ਆਕਾਸ਼। ਨਵ ਖੰਡ ਮਹਿ–ਨੌ ਖੰਡ ਵਿਚ। ਜੋਤਿ ਸ੍ਵਰੂਪੀ–(ਸੁਅਰੂਪੀ ਬੋਲੋ) ਜੋਤ ਸਰੂਪ ਵਾਹਿਗੁਰੂ। ਰਹਿਓ ਭਰਿ–ਵਿਆਪਕ ਹੋ ਰਿਹਾ ਹੈ। ਭਨਿ ਮਥੁਰਾ–ਮਥਰਾ ਭੱਟ ਆਖਦਾ ਹੈ। ਭੇਦੁ–ਫਰਕ।੭।੧੯।

ਵਿਆਖਿਆ = ਮਥਰਾ ਜੀ ਦਸਦੇ ਹਨ ਕਿ ਨਿਰੰਕਾਰ ਦੇ ਦੋ ਸਰੂਪ ਹਨ, ਇਕ ਤਾਂ ਜੋਤੀ ਸਰੂਪ, ਜੋ ਅਡਿੱਠ ਤੇ ਸਭ ਥਾਵਾਂ ਤੇ ਪੂਰਨ (ਵਿਆਪਕ) ਹੈ। ਇਸ ਅਡਿੱਠ ਅਗਮ ਅਗੋਚਰ ਕਰਤਾਰ ਦਾ ਦਿਸਦਾ ਰੂਪ ਗੁਰੂ ਅਰਜਨ ਦੇਵ ਜੀ ਨੂੰ ਕਿਹਾ ਹੈ, ਜਿਨ੍ਹਾਂ ਲਈ ਆਪ ਨੇ ਲਫਜ਼ 'ਪ੍ਰਗਟ ਹਰਿ' ਤੇ 'ਪ੍ਰਤੱਖ ਹਰਿ' ਵਰਤੇ ਹਨ। ਦੋਹਾਂ ਵਿਚ ਫਰਕ ਕੁਛ ਵੀ ਨਹੀਂ, ਭਾਵ ਗੁਰੂ ਅਰਜਨ ਦੇਵ ਜੀ ਪ੍ਰਤੱਖ ਹਨ ਤੇ ਕਰਤਾਰ ਅਦ੍ਰਿਸਟ ਹੈ। ਇਕੋ ਰੂਪ ਹੈ, ਕੌਤਕ ਦੋ ਹਨ। ਜਿਵੇਂ ਖੰਭਿਆਂ ਤੇ ਲੱਗੀਆਂ ਤਾਰਾਂ ਵਿਚ ਓਹੋ ਬਿਜਲੀ

ਚਲ ਰਹੀ ਹੈ, ਪਰ ਅਦਿੱਖ ਹੈ, ਪਰ ਬਲਬ ਵਿਚ ਜਗ ਕੇ ਓਹੀ ਬਿਜਲੀ ਪ੍ਰਤੱਖ ਦਿਸ ਰਹੀ ਹੈ, ਜਗਤ ਨੂੰ ਚਾਨਣਾ ਦੇਂਦੀ ਹੈ। ਗੁਰੂ ਜੀ ਤੋਂ ਬਿਨਾ ਹੋਰ ਵੀ ਪ੍ਰਿਥੀਏ ਵਰਗੇ ਕਈ ਅਪਣੇ ਆਪ ਨੂੰ ਹਰੀ ਰੂਪ ਦਸਦੇ ਹੋਣਗੇ। ਐਸੇ ਲੋਕ ਸੰਗਤਾਂ ਨੂੰ ਗੁਮਰਾਹ ਕਰਦੇ ਸਨ, ਇਸੇ ਕਰਕੇ ਉਚ ਅਵਸਥਾ ਨੂੰ ਪਹੁੰਚੇ ਭੱਟ ਜੀ ਆਖਦੇ ਹਨ ਕਿ ਗੁਰੂ ਅਰਜਨ ਦੇਵ ਜੀ ਦੇ ਸੰਸਾਰ ਵਿਚ ਮੌਜੂਦ ਹੁੰਦਿਆਂ ਹੋਰ ਕੋਈ ਵੀ ਹਰੀ ਰੂਪ ਨਹੀਂ ਹੈ। ਗੁਰੂ ਜੀ ਵਿਚ ਮਾਇਆ ਅਤੇ ਪ੍ਰਵਾਰ ਦਾ ਮੋਹ ਅਤੇ ਵਾਸ਼ਨਾਵਾਂ ਲੇਸ ਮਾਤ੍ਰ ਵੀ ਨਹੀ ਹਨ। ਇਸ ਲਈ ਆਪ ਦਾ ਭੇਖ ਮਲ ਤੋਂ ਰਹਿਤ ਪਵਿਤ੍ਰ ਹੈ। ਇਥੇ ਮਥਰਾ ਭੱਟ ਦੇ ੭ ਸਵੱਯੇ ਪੂਰੇ ਹੋ ਗਏ ਹਨ। ਕਲ੍ਹ ਦੇ ੧੧ ਸਵੱਯੇ, ਕਲਸਹਾਰ ਦਾ ੧ ਸਵੱਯਾ ਅਤੇ ਮਥਰਾ ਦੇ ੭ ਸਵੱਯੇ, ਇਥੇ ਤਕ ਕੁਲ ਜੋੜ ੧੯ ਸਵੱਯਾਂ ਦਾ ਹੈ ਅਤੇ ਅਗੇ ਦੋ ਸਵੱਯੇ ਹਰਬੰਸ ਭੱਟ ਦੇ ਉਚਾਰੇ ਹੋਏ ਹਨ।

ਅਜੈ ਗੰਗ ਜਲੁ ਅਟਲੁ, ਸਿਖ ਸੰਗਤਿ ਸਭ ਨਾਵੈ ॥ (ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ) ਇਲਾਹੀ ਗੁਰਬਾਣੀ ਰੂਪ ਗੰਗਾ ਦਾ ਜਲ ਵਹਿੰਦਾ ਹੈ (ਰੱਬੀ ਬਾਣੀ ਦਾ ਲਗਾਤਾਰ ਪ੍ਰਵਾਹ ਕਥਾ ਕੀਰਤਨ ਦੇ ਰੂਪ ਵਿਚ ਚਲਦਾ ਰਹਿੰਦਾ ਹੈ, ਦੁਨੀਆਵੀ ਗੰਗਾ ਤਾਂ ਮੁੱਕ ਸਕਦੀ ਹੈ ਪਰ ਇਸ ਗੁਰਬਾਣੀ ਰੂਪ ਗੰਗਾ ਦਾ ਜਲ) ਅਮੁੱਕ ਅਤੇ ਅਟੱਲ ਹੈ ਅਤੇ ਜਿਸ ਵਿਚ ਸਭ ਸਿਖ ਸੰਗਤ (ਮਾਨਸਿਕ) ਇਸ਼ਨਾਨ ਕਰਦੀ ਹੈ।

ਨਿਤ ਪੁਰਾਣ ਬਾਚੀਅਹਿ, ਬੇਦ ਬ੍ਰਹਮਾ ਮੁਖਿ ਗਾਵੈ ॥ (ਪੁਰਾਣ, ਬੇਦ ਅਤੇ ਬ੍ਰਹਮਾ ਦਾ ਜਿਕਰ ਅਲੰਕਾਰਕ ਹੈ, ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ) ਰੋਜ ਹਰੀ ਦੇ ਪੁਰਾਤਨ ਭਗਤਾਂ ਦੀਆਂ ਕਥਾਵਾਂ ਦੇ ਪ੍ਰਸੰਗ (ਧਰਮ ਗਰੰਥ) ਪੜ੍ਹੇ ਜਾਂਦੇ ਹਨ, ਗਿਆਨਵਾਨ ਸਿੱਖ ਮੂੰਹ ਦੁਆਰਾ ਗੁਰਬਾਣੀ ਗਾਉਂਦੇ (ਕੀਰਤਨ ਕਰਦੇ) ਹਨ। (ਗੁਰੂ ਜੀ ਦੇ ਸਿੱਖ ਹਰ ਰੋਜ ਬਾਣੀ ਪੜ੍ਹਦੇ ਅਤੇ ਕੀਰਤਨ ਕਰਦੇ ਇਉਂ ਪ੍ਰਤੀਤ ਹੋ ਰਹੇ ਹਨ ਜਿਵੇਂ ਗੁਰੂ ਜੀ ਦੇ ਦਰਬਾਰ ਵਿਚ ਪੁਰਾਣ ਵਾਚੇ ਜਾਂਦੇ ਹਨ ਅਤੇ ਬ੍ਰਹਮਾ ਵੀ ਮੂਹੋਂ ਵੇਦਾਂ ਰਾਹੀਂ ਗੁਰੂ ਜੀ ਦੀ ਸੋਭਾ ਗਾਉਂਦਾ ਹੈ, ਪਰ ਭੱਟ ਹਰਬੰਸ ਜੀ ਲਈ ਤਾਂ ਗੁਰਬਾਣੀ ਹੀ ਪੁਰਾਣ ਤੇ ਬੇਦ ਹਨ)।

ਅਜੈ ਚਵਰੁ ਸਿਰਿ ਢੁਲੈ, ਨਾਮੁ ਅੰਮ੍ਰਿਤੁ ਮੁਖਿ ਲੀਅਉ ॥ (ਗੁਰੂ ਅਰਜਨ ਦੇਵ ਜੀ ਦੇ) ਸਿਰ ਉਤੇ ਇਲਾਹੀ ਚੌਰ ਝੁਲ ਰਿਹਾ ਹੈ {ਵਡਾ ਤੇਰਾ ਦਰਬਾਰੁ ,ਸਚਾ ਤੁਧੁ ਤਖਤੁ। ਸਿਰਿ ਸਾਹਾ ਪਾਤਸਾਹੁ ,ਨਿਹਚਲੁ ਚਉਰੁ ਛਤੁ ੯੬੪}, (ਗੁਰੂ ਜੀ) ਨਾਮ ਰੂਪ ਅੰਮ੍ਰਿਤ ਮੂੰਹ ਵਿਚ ਲੈਂਦੇ (ਜਪਦੇ) ਹਨ (ਤੇ ਦਾਸਾਂ ਨੂੰ ਵੰਡ ਰਹੇ ਹਨ; ਅਸੀਂ ਗੁਰ ਜੀ ਦੇ) ਮੁਖ ਤੋਂ ਨਾਮ ਅੰਮ੍ਰਿਤ ਲਿਆ ਹੈ।

ਗੁਰ ਅਰਜੁਨ ਸਿਰਿ ਛਤ੍ਰ ,ਆਪਿ ਪਰਮੇਸਰਿ ਦੀਅਉ ॥ ਗੁਰੂ ਅਰਜਨ ਦੇਵ ਜੀ ਦੇ ਸਿਰ ਤੇ (ਗੁਰਿਆਈ ਗੱਦੀ ਦਾ) ਛਤਰ ਪ੍ਰਮੇਸਰ ਨੇ ਆਪ (ਗੁਰੂ ਰਾਮਦਾਸ ਰੂਪ ਹੋ ਕੇ) ਬਖਸ਼ਿਆ ਹੈ।

ਮਿਲਿ ਨਾਨਕ ਅੰਗਦ ਅਮਰ ਗੁਰ, ਗੁਰੁ ਰਾਮਦਾਸੁ ਹਰਿ ਪਹਿ ਗਯਉ ॥ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਨਾਲ ਮਿਲ ਕੇ ਗੁਰੂ ਰਾਮਦਾਸ ਜੀ ਹਰੀ ਪਾਸ (ਸਚਖੰਡ ਨੂੰ) ਗਏ ਭਾਵ ਜਦ ਗੁਰੂ ਰਾਮ ਦਾਸ ਜੀ ਨੇ ਜੋਤੀ ਜੋਤ ਸਮਾਉਣ ਦਾ ਸੰਕਲਪ ਕੀਤਾ ਤਾਂ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਅਪਣੇ ਨਿਜ ਰੂਪ ਗੁਰੂ ਰਾਮਦਾਸ ਜੀ ਨੂੰ ਜੋਤੀ ਮਈ ਸਰੂਪ ਵਿਚ ਲੈਣ ਆਏ। ਇਉਂ ਅਪਣੇ ਤੋਂ ਪਹਿਲੇ ਤਿੰਨਾਂ ਗੁਰੂਆਂ ਨਾਲ ਮਿਲ ਕੇ ਸ੍ਰੀ ਗੁਰੂ ਰਾਮਦਾਸ ਜੀ ਪ੍ਰਮੇਸਰ ਕੋਲ ਸੱਚਖੰਡ ਜਾ ਬਿਰਾਜੇ {ਰਾਮਦਾਸ ਹਰਿ ਸਿਉ ਮਿਲ ਗਏ। ਗੁਰਤਾ ਦੇਤ ਅਰਜਨਹਿ ਭਏ (ਬਚਿਤ੍ਰ ਨਾਟਕ)}।

ਹਰਿਬੰਸ ਜਗਤਿ ਜਸੁ ਸੰਚਰ੍ਉ, ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ ॥੧॥ ਭੱਟ ਹਰਬੰਸ ਜੀ ਆਖਦੇ ਹਨ (ਕਿ ਗੁਰੂ ਰਾਮਦਾਸ ਜੀ ਦਾ) ਜਸ ਸਾਰੇ ਜਗਤ ਵਿਚ ਫੈਲ ਰਿਹਾ ਹੈ, ਸੋ ਕੌਣ ਕਹਿੰਦਾ ਹੈ ਕਿ ਗੁਰੂ (ਰਾਮ ਦਾਸ ਜੀ) ਚਲ ਬਸੇ ਹਨ? (ਉਹ ਤਾਂ ਸਦਾ ਹਾਜਰ ਨਾਜਰ ਹਨ, ਗੁਰੂ ਅਰਜਨ ਦੇਵ ਜੀ ਦੇ ਰੂਪ ਜੀਵਤ ਹਨ)।੧। ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ। (੨੭੩); ਗੁਰਮੁਖਿ ਮਰੈ ਨ ਜਨਮੈ ਗੁਰਮੁਖਿ, ਗੁਰਮੁਖਿ ਸਬਦਿ ਸਮਾਹਾ ਹੇ। (੧੦੫੪)

ਪਦਾਰਥ = ਅਜੈ-(ਅ-ਜੈ ਬੋਲੋ) ਅਜਿੱਤ; ਅਮੁੱਕ (ਬਾਣੀ ਰੂਪ ਗੰਗਾ ਵਿਚ ਨਾ ਮੁੱਕਣ ਵਾਲਾ ਜਲ ਹੈ); ਵਾਹਿਗੁਰੂ ਅਜਿੱਤ ਹੈ (ਅਜੈ ਦਾ ਅਰਥ ਵਾਹਿਗੁਰੂ ਕਰਕੇ ਨਾਮ ਬਾਣੀ ਰੂਪ ਰੱਬੀ ਗੰਗਾ ਹੈ)। ਅਟਲੁ-ਅਚੱਲ (ਬਾਣੀ ਰੂਪ ਗੰਗਾ ਦਾ ਸਦਾ ਚਲਣ ਵਾਲਾ ਪ੍ਰਵਾਹ ਹੈ) । ਗੰਗਾ-ਹਿੰਦੂਆਂ ਦਾ ਪੂਜਨੀਕ ਪ੍ਰਸਿਧ ਦਰਿਆ (ਪਰ ਇਥੇ ਗੰਗਾ ਦੇ ਅਰਥ ਗੁਰਬਾਣੀ, ਨਾਮ, ਪਵਿਤ੍ਰ ਹਨ {ਗੰਗਾ ਜਲੁ ਗੁਰ ਗੋਬਿੰਦ ਨਾਮ। ਜੋ ਸਿਮਰੈ ਤਿਸ ਕੀ ਗਤਿ ਹੋਵੈ, ਪੀਵਤ ਬਹੁੜਿ ਨ ਜੋਨਿ ਭ੍ਰਮਾਮ ੧੧੩੭})। ਨਾਵੈ-ਇਸ਼ਨਾਨ ਕਰਦੀ ਹੈ । ਨਿਤ-ਹਰ ਰੋਜ। ਪੁਰਾਣ-ਰਿਸ਼ੀ ਬਿਆਸ ਜੀ ਦੇ ਰਚੇ ੧੮ ਪੁਰਾਣ (ਭਾਵ ਪੁਰਾਤਨ ਭਗਤਾਂ ਦੀਆਂ ਕਥਾ ਕਹਾਣੀਆਂ ਦੇ ਪ੍ਰਸੰਗ) । ਬਾਚੀਅਹਿ-ਵਾਚੇ (ਪੜ੍ਹੇ) ਜਾਂਦੇ ਹਨ। ਬੇਦ-ਵਾਹਿਗੁਰੂ ਦਾ ਗਿਆਨ; ਵਾਹਿਗੁਰੂ ਦੇ ਗਿਆਨ ਦੇ ਗੀਤ (ਹਰੀ ਜਸ); ਗੁਰਬਾਣੀ {ਸਭ ਨਾਦ ਬੇਦ ਗੁਰ ਬਾਣੀ ੮੭੯ (ਗੁਰਬਾਣੀ ਹੀ ਨਾਦ ਹੈ ਗੁਰਬਾਣੀ ਹੀ ਬੇਦ ਹੈ); ਨਾਮੁ ਹਮਾਰੈ ਬੇਦ ਅਰੁ ਨਾਦ ੧੧੪੫;

ਗੁਰਮੁਖਿ ਨਾਦ ਬੇਦ ਬੀਚਾਰੁ (ਇਹ ਤੁਕ ਗੁਰੂ ਗ੍ਰੰਥ ਸਾਹਿਬ ਵਿਚ ਤਿੰਨ ਜਗ੍ਹਾ ੯੩੨, ੧੦੫੯ ਤੇ ੧੨੭੦ ਉਤੇ ਆਉਂਦੀ ਹੈ}।ਬ੍ਰਹਮਾ-ਵੇਦ ਮੰਤ੍ਰਾਂ ਨੂੰ ਗਾਉਣ ਵਾਲਾ ਦੇਵਤਾ; (ਗੁਰਬਾਣੀ ਗਾਉਣ ਵਾਲੇ) ਗੁਰਸਿੱਖ।ਮੁਖਿ-ਮੂੰਹ ਤੋਂ।ਅਜੈ-ਅਜਿੱਤ (ਅਬਿਨਾਸੀ); ਇਲਾਹੀ; ਅਜੇ ਤਕ (ਸੰ. ਸ.)।ਸਿਰਿ-ਸੀਸ ਉਤੇ।ਚਵਰੁ-ਚੌਰ।ਢੁਲੈ-ਝੁਲਦਾ ਹੈ।ਲੀਅਉ-(ਲੀਔ ਬੋਲੋ) ਲੈਂਦੇ ਹਨ; ਲਿਆ ਹੈ।ਮਿਲਿ-ਮਿਲ ਕੇ।ਹਰਿ ਪਹਿ ਗਯਉ-(ਗਇਅਉ ਬੋਲੋ) ਸੱਚਖੰਡ ਨੂੰ ਗਏ; ਹਰੀ ਦੇ ਪਾਸ ਗਏ।ਹਰਿਬੰਸ-ਭੱਟ ਦਾ ਨਾਮ।ਜਗਤਿ-ਜਗਤ ਵਿਚ।ਸੰਚਰ੍ਹਉ-(ਸੰਚਰਿਅਉ ਬੋਲੋ) ਫੈਲ ਰਿਹਾ ਹੈ।ਸੁ-ਇਸ ਲਈ।ਕਵਣੁ-ਕੌਣ।ਸ੍ਰੀ ਗੁਰੁ-ਸ਼੍ਰੀ ਗੁਰੂ ਰਾਮਦਾਸ ਜੀ।ਮੁਯਉ-(ਮੁਇਅਉ ਬੋਲੋ) ਚਲ ਬਸੇ ਹਨ।ਛਤ੍ਰੁ ਨੂੰ ਛੱਤਰ ਨਾ ਬੋਲੋ (ਛੱਛੇ ਉਤੇ ਅਧਕ ਨਾ ਲਗਾਓ)।੧।

ਵਿਆਖਿਆ = ਜਾਪਦਾ ਹੈ ਹਰਬੰਸ ਭੱਟ ਅਪਣੇ ਕੁਝ ਸਾਥੀ ਭੱਟਾਂ ਸਣੇ ਗੁਰੂ ਰਾਮਦਾਸ ਜੀ ਦੇ ਅੰਤਲੇ ਦਿਨਾਂ ਵਿਚ ਆਏ ਹੋਣਗੇ ।ਗੁਰੂ ਅਰਜਨ ਦੇਵ ਜੀ ਨੂੰ ਗੁਰਤਾ ਗੱਦੀ ਬਖਸ਼ਣ ਦਾ ਵਾਕਿਆ ਅੱਖੀ ਦੇਖਿਆ ਇਨ੍ਹਾਂ ਦੋ ਸਵਈਆਂ ਵਿਚ ਪ੍ਰਤੀਤ ਹੁੰਦਾ ਹੈ।ਇਹ ਭੱਟ ਗੁਰੂ ਰਾਮਦਾਸ ਜੀ ਦੇ ਅੰਤਮ ਸੰਸਕਾਰ ਸਮੇਂ ਗੋਇੰਦਵਾਲ ਵੀ ਆਏ ਹੋਣਗੇ।ਕਿਤਨਾ ਸੁੰਦਰ ਬਿਆਨ ਹੈ, ਕੌਣ ਕਹਿੰਦਾ ਹੈ? ਗੁਰੂ ਰਾਮ ਦਾਸ ਜੀ ਚਲ ਬਸੇ ਹਨ।ਉਹ ਤਾਂ ਗੁਰੂ ਅਰਜਨ ਦੇਵ ਜੀ ਦੇ ਰੂਪ ਵਿਚ ਸੰਗਤਾਂ ਨੂੰ ਨਾਮ ਦਾਨ ਦੇ ਰਹੇ ਹਨ।ਜਿਨ੍ਹਾਂ ਦੇ ਸੀਸ ਤੇ ਛਤਰ ਝੁਲ ਰਿਹਾ ਹੈ।ਰੱਬੀ ਬਾਣੀ ਦਾ ਕੀਰਤਨ ਹੋ ਰਿਹਾ ਇਉਂ ਪ੍ਰਤੀਤ ਹੋ ਰਿਹਾ ਹੈ ਜਿਵੇਂ ਬਿਆਸ ਜੀ ਖੁਦ ਆ ਕੇ ਪੁਰਾਣ ਪੜ੍ਹ ਰਹੇ ਹੁੰਦੇ ਹਨ ਤੇ ਬ੍ਰਹਮਾ ਬੇਦਾਂ ਰਾਹੀ ਗੁਰੂ ਜੀ ਦਾ ਜਸ ਉਚਾਰ ਰਿਹਾ ਹੁੰਦਾ ਹੈ।

ਪੁਰਾਤਨ ਸਮੇਂ ਵਿਚ ਜਦੋਂ ਧਰਮੀ ਰਾਜੇ ਅਪਣੇ ਜਾਨਸ਼ੀਨ ਨੂੰ ਰਾਜ ਤਿਲਕ ਦੇਂਦੇ ਸਨ ਤਾਂ ਗੰਗਾ ਜਲ, ਪੁਰਾਣਾਂ ਦੀ ਕਥਾ, ਵੇਦਾਂ ਮੰਤ੍ਰਾਂ ਦੀ ਧੁਨੀ, ਚੌਰ ਦਾ ਝੁਲਾਣਾ, ਯੁਵਰਾਜ ਦੇ ਮੂੰਹ ਵਿਚ ਮਧੂ, ਘਿਓ, ਦਹੀਂ ਦਾ ਪਾਉਣਾ, ਸਿਰ ਉਤੇ ਛਤਰ ਆਦਿ ਸਮਾਨ ਵਰਤੇ ਜਾਂਦੇ ਸਨ।ਗੁਰੂ ਅਰਜਨ ਦੇਵ ਜੀ ਦੇ ਗੁਰ ਰਾਜ (ਗੁਰੂ ਨਾਨਕ ਦੇਵ ਜੀ ਦੇ ਰਾਜ) ਸਿੰਘਾਸਣ ਤੇ ਬਿਰਾਜਣ ਸਮੇਂ ਗੰਗਾ ਨਦੀ ਦਾ ਜਲ ਨਹੀਂ ਲਿਆਦਾ ਗਿਆ ਕਿੰਤੂ 'ਗੰਗਾ ਜਲੁ ਗੁਰ ਗੋਬਿੰਦ ਨਾਮ ੧੧੩੭' ਗੁਰ ਦਰਬਾਰ ਵਿਚ ਵਾਹਿਗੁਰੂ ਨਾਮ ਦੀ ਪਵਿਤ੍ਰ ਗੰਗਾ ਸੁਤੇ ਹੀ ਵਹਿ ਰਹੀ ਹੈ।ਇਥੇ ਪੁਰਾਣਾਂ ਦੀ ਕਥਾ ਰਾਹੀਂ ਰਾਜਿਆਂ ਦੇ ਜੁਧਾਂ ਦੇ ਪ੍ਰਸੰਗ ਵਰਨਣ ਨਹੀਂ ਹੋ ਰਹੇ, ਇਥੇ ਵਾਹਿਗੁਰੂ ਦਾ ਭਜਨ ਕਰਨ ਵਾਲੇ ਪੁਰਾਤਨ ਭਗਤਾਂ ਦੀ ਕਥਾ ਵਖਿਆਨ ਹੋ ਰਹੀ ਹੈ {ਕਥਾ ਪੁਰਾਤਨ ਇਉ ਸੁਣੀ, ਭਗਤਨ ਕੀ ਬਾਨੀ ੮੧੫}।ਇਥੇ ਵੇਦ ਮੰਤ੍ਰਾਂ ਦੀ ਧੁਨੀ ਦੁਆਰਾ ਸੂਰਜ, ਅਗਨੀ, ਇੰਦ੍ਰ, ਵਾਯੂ ਆਦਿ ਦਾ ਆਵਾਹਨ ਨਹੀਂ ਹੋ ਰਿਹਾ, ਕਿੰਤੂ ਕੇਵਲ ਨਿਰਬਾਨ ਅਤੇ ਅਖੰਡ ਕੀਰਤਨ ਰਾਹੀਂ ਨਿਰੰਕਾਰ ਦੀ ਸਿਫਤ ਸਲਾਹ ਹੋ ਰਹੀ ਹੈ।ਜਿਵੇਂ ਸ਼ਗਨ ਵੱਜੋਂ ਜਾਨਸ਼ੀਨ ਦੇ ਮੂੰਹ ਵਿਚ ਮਧੂ, ਘ੍ਰਿਤ, ਦਹੀਂ ਜਾਂ ਮਿੱਠਾ ਆਦਿ ਪਦਾਰਥ ਪਾਉਂਦੇ ਸਨ, ਗੁਰ ਗੱਦੀ ਮਿਲਣ ਸਮੇਂ 'ਨਾਮੁ ਅੰਮ੍ਰਿਤੁ ਮੁਖਿ ਲੀਅਉ' ਗੁਰੂ ਜੀ ਦੇ ਮੂੰਹ ਵਿਚ ਨਾਮ ਅੰਮ੍ਰਿਤ ਦੀ ਮਿਠਾਸ ਪਾਈ ਹੈ (ਭਾ. ਵੀਰ ਸਿੰਘ)।੧।

ਦੇਵ ਪੁਰੀ ਮਹਿ ਗਯਉ, ਆਪਿ ਪਰਮੇਸ੍ਵਰ ਭਾਯਉ ॥ (ਜਦ) ਆਪ ਪਰਮੇਸਰ ਨੂੰ ਭਾਇਆ (ਚੰਗਾ ਲੱਗਾ ਕਿ ਗੁਰੂ ਜੀ ਸਾਡੇ ਕੋਲ ਆ ਜਾਣ) ਤਾਂ ਗੁਰੂ ਰਾਮਦਾਸ ਜੀ ਸੱਚਖੰਡ ਵਿਖੇ ਚਲੇ ਗਏ (ਜਦ ਸਰੀਰਕ ਤੌਰ ਤੇ ਆਪ ਦੀ ਸੰਸਾਰ ਵਿਚ ਯਾਤਰਾ ਪੂਰੀ ਹੋ ਗਈ ਤਾਂ ਹਰੀ ਨੇ ਆਪ ਗੁਰੂ ਜੀ ਨੂੰ ਬੁਲਾਵਾ ਭੇਜਿਆ)।

ਹਰਿ ਸਿੰਘਾਸਣੁ ਦੀਅਉ, ਸਿਰੀ ਗੁਰੁ ਤਹ ਬੈਠਾਯਉ ॥ ਹਰੀ ਨੇ ਅਪਣੇ ਅੰਦਰ ਅਭੇਦ ਕਰ ਲੈਣ ਰੂਪ ਸਿੰਘਾਸਣ ਦਿਤਾ ਅਤੇ ਗੁਰੂ ਜੀ ਨੂੰ ਉਸ (ਸਿੰਘਾਸਣ) ਉਤੇ ਬਿਠਾਇਆ ਭਾਵ ਅਪਣੇ ਵਿਚ ਲੀਨ ਕਰ ਲਿਆ।

ਰਹਸੁ ਕੀਅਉ ਸੁਰ ਦੇਵ, ਤੋਹਿ ਜਸੁ ਜਯ ਜਯ ਜੰਪਹਿ ॥ (ਸੱਚਖੰਡ ਵਿਚ ਰਹਿਣ ਵਾਲੀਆਂ ਮਹਾਨ) ਰੂਹਾਂ ਨੇ ਬੜੀ ਖੁਸ਼ੀ ਕੀਤੀ (ਮਨਾਈ, ਤੇ ਹੇ ਗੁਰੂ ਰਾਮਦਾਸ ਜੀ!) ਤੇਰੀ ਜੈ ਜੈ ਹੋਵੇ, ਜਸ ਉਚਾਰਦੇ ਹਨ; ਦੇਵਤਿਆਂ ਦੇ ਦੇਵਤਾ ਨਿਰੰਕਾਰ ਨੇ ਬੜੀ ਪ੍ਰਸੰਨਤਾ (ਪ੍ਰਗਟ) ਕੀਤੀ, ਤੇ ਕਿਹਾ ਹੇ ਗੁਰੂ ਰਾਮ ਦਾਸ ਤੇਰਾ ਜਸ ਤਿੰਨਾਂ ਲੋਕਾਂ ਵਿਚ ਸਾਰੇ ਜੈ ਜੈ ਕਾਰ ਕਰਕੇ ਜਪਦੇ ਹਨ।

ਅਸੁਰ ਗਏ ਤੇ ਭਾਗਿ, ਪਾਪ ਤਿਨ੍ ਭੀਤਰਿ ਕੰਪਹਿ ॥ (ਦੇਵਤਿਆਂ ਨੂੰ ਦਬਾਉਣ ਵਾਲੇ ਸਾਰੇ) ਉਹ ਦੈਂਤ ਉਥੋਂ ਨੱਠ ਗਏ (ਚੰਗੀਆਂ ਰੂਹਾਂ ਨੂੰ ਦੁੱਖ ਦੇਣ ਵਾਲੀਆਂ ਭੈੜੀਆਂ ਰੂਹਾਂ ਗੁਰੂ ਜੀ ਨੂੰ ਦੇਖ ਕੇ ਭੱਜ ਗਈਆਂ) ਅਤੇ ਉਨ੍ਹਾਂ ਦੇ ਅੰਦਰਲੇ ਪਾਪਾਂ (ਕਰਕੇ ਦਿਲ) ਕੰਬ ਰਹੇ ਸਨ; (ਜੋ ਆਪ ਦਾ ਜਸ ਕਰਦੇ ਹਨ, ਉਨ੍ਹਾਂ ਦੇ) ਆਸੁਰੀ ਸੰਪਦਾ ਦੇ ਕਾਮਾਦਿਕ ਰੂਪ ਦੈਂਤ ਨੱਠ ਗਏ ਹਨ, ਉਨ੍ਹਾਂ ਦੇ ਅੰਦਰ ਜੋ ਪਾਪ ਸਨ, ਕੰਬ ਕੇ ਨਿਕਲ ਗਏ।

ਕਾਟੇ ਸੁ ਪਾਪ ਤਿਨ੍ ਨਰਹੁ ਕੇ, ਗੁਰੁ ਰਾਮਦਾਸ ਜਿਨ੍ ਪਾਇਯਉ ॥ ਛਤ੍ਰੁ ਸਿੰਘਾਸਨੁ ਪਿਰਥਮੀ, ਗੁਰ ਅਰਜੁਨ ਕਉ ਦੇ ਆਇਅਉ ॥੨॥੨੧॥੯॥੧੧॥੧੦॥੧੦॥੨੨॥੬੦॥੧੪੩॥ ਉਨ੍ਹਾਂ ਪੁਰਖਾਂ ਦੇ ਸਾਰੇ ਪਾਪ ਕੱਟੇ ਗਏ, ਜਿਨ੍ਹਾਂ ਨੂੰ ਗੁਰੂ ਰਾਮਦਾਸ ਜੀ ਪ੍ਰਾਪਤ ਹੋਏ ਹਨ; (ਗੁਰੂ ਜੀ ਨੇ) ਉਨ੍ਹਾਂ ਮਨੁੱਖਾਂ ਦੇ ਸਾਰੇ ਪਾਪ ਕਟ ਦਿਤੇ, ਜਿਨ੍ਹਾਂ ਨੇ ਗੁਰੂ ਰਾਮਦਾਸ ਜੀ ਨੂੰ ਪਾਇਆ (ਧਾਰਿਆ) ਹੈ।

(ਵਿਸ਼ਨੂੰ ਤੋਂ ਲੈ ਕੇ ਸਾਰੇ ਦੇਵਤੇ ਆਖ ਰਹੇ ਹਨ ਕਿ ਗੁਰੂ ਰਾਮਦਾਸ ਜੀ) ਧਰਤੀ (ਗੁਰਿਆਈ) ਦਾ ਛਤਰ ਅਤੇ ਸਿੰਘਾਸਨ ਗੁਰੂ ਅਰਜਨ ਦੇਵ ਜੀ ਨੂੰ ਦੇ (ਕੇ ਆਪ ਅਪਨੇ ਬੈਕੁੰਠ ਧਾਮ ਵਿਖੇ) ਆਏ ਹਨ।੨।੨੧।੯।੧੧।੧੦।੧੦।੨੨।੬੦।੧੪੩।

ਦੂਜਾ ਅਰਥ = ਜਦ ਗੁਰੂ ਰਾਮਦਾਸ ਜੀ ਦਾ ਜੋਤੀ ਜੋਤ ਸਮਾਉਣ ਦਾ ਸਮਾਂ ਹੋਇਆ ਤਾਂ ਦੇਵਤਿਆਂ ਨੇ ਅਕਾਲ ਪੁਰਖ ਅੱਗੇ ਬੇਨਤੀ ਕੀਤੀ ਕਿ ਦੈਂਤ ਸਾਨੂੰ ਬਹੁਤ ਤੰਗ ਕਰਦੇ ਹਨ।ਅਕਾਲ ਜੀ ਨੇ ਆਖਿਆ ਕਿ ਗੁਰੂ ਰਾਮਦਾਸ ਜੀ ਤੁਹਾਡੀ ਮੱਦਤ ਲਈ ਸੁਰਗ ਵਿਚੋਂ ਦੀ ਹੋ ਕੇ ਸਚਖੰਡ ਨੂੰ ਆਉਣਗੇ।ਗੁਰੂ ਰਾਮਦਾਸ ਜੀ ਸਚਖੰਡ ਨੂੰ ਜਾਂਦਿਆਂ, ਦੇਵਤਿਆਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਨ ਲਈ ਸੁਰਗ ਵਿਚ ਪੁਜੇ, ਕਿਉਂਕਿ ਆਪ ਪ੍ਰਮੇਸਰ ਨੂੰ ਇਸ ਤਰ੍ਹਾਂ ਕਰਨਾ ਭਾਉਂਦਾ ਸੀ।ਦੇਵਤਿਆਂ ਦੇ ਰਾਜਾ ਇੰਦ੍ਰ ਨੇ ਗੁਰੂ ਰਾਮਦਾਸ ਜੀ ਨੂੰ ਸੁੰਦਰ ਸਿੰਘਾਸਨ ਤੇ ਆਦਰ ਸਹਿਤ ਬਿਠਾਇਆ।ਦੇਵਤਿਆਂ ਨੇ ਬੜੀ ਖੁਸ਼ੀ ਮਨਾਈ (ਕਿ ਆਪ ਜੀ ਨੇ ਸਾਨੂੰ ਦਰਸ਼ਨ ਦਿਤੇ ਹਨ, ਤੇ ਗੁਰੂ ਜੀ ਦਾ) ਜਸ ਉਚਾਰਦੇ ਹਨ, ਹੇ ਗੁਰੂ ਜੀ! ਤੇਰੀ ਜੈ ਜੈ ਕਾਰ ਹੋਵੇ।ਗੁਰੂ ਜੀ ਨੂੰ ਦੇਖ ਕੇ ਦੈਂਤ ਭੱਜ ਗਏ, ਕਿਉਂਕਿ ਉਨ੍ਹਾਂ ਦੇ ਅੰਦਰ ਪਾਪ ਸਨ, ਪਾਪਾਂ ਕਰਕੇ ਉਨ੍ਹਾਂ ਦੇ ਦਿਲ ਕੰਬ ਗਏ।ਗੁਰੂ ਜੀ ਨੇ ਉਨ੍ਹਾਂ ਮਨੁੱਖਾਂ ਦੇ ਸਾਰੇ ਪਾਪ ਕਟ ਦਿਤੇ, ਜਿਨ੍ਹਾਂ ਨੇ ਗੁਰੂ ਰਾਮਦਾਸ ਨੂੰ ਪਾਇਆ (ਧਾਰਿਆ) ਹੈ।(ਵਿਸ਼ਨੂੰ ਆਦਿ ਸਾਰੇ ਦੇਵਤੇ ਕਹਿੰਦੇ ਹਨ ਕਿ ਗੁਰੂ ਰਾਮਦਾਸ ਜੀ) ਧਰਤੀ ਤੇ ਗੁਰਿਆਈ ਦਾ ਤਖਤ ਅਤੇ ਛਤਰ ਗੁਰੂ ਅਰਜਨ ਦੇਵ ਜੀ ਨੂੰ ਦੇ ਆਏ ਹਨ।

ਨਸਿ ਵੰਞਹੁ ਕਿਲਵਿਖਹੁ ,ਕਰਤਾ ਘਰਿ ਆਇਆ।ਦੂਤਹ ਦਹਨੁ ਭਇਆ, ਗੋਬਿੰਦੁ ਪ੍ਰਗਟਾਇਆ। (੪੬੦)

ਪਦਾਰਥ = ਦੇਵ ਪੁਰੀ ਮਹਿ–ਸੁਰਗ ਸੱਚਖੰਡ ਵਿਚ; ਬੈਕੁੰਠ ਵਿਚ।ਗਯਉ–(ਗਇਅਉ ਬੋਲੋ) ਚਲੇ ਗਏ।ਭਾਯਉ–(ਭਾਇਅਉ ਬੋਲੋ) ਭਾਇਆ; ਚੰਗਾ ਲੱਗਾ (ਜਦ ਹਰੀ ਨੇ ਬੁਲਾਉਣਾ ਚਾਹਿਆ)।ਹਰਿ–ਵਾਹਿਗੁਰੂ; ਇੰਦ੍ਰ; ਵਿਸ਼ਨੂੰ ਨੇ।ਹਰਿ ਸਿੰਘਾਸਣੁ–ਅਕਾਲ ਪੁਰਖ ਦਾ ਤਖਤ; ਗੁਰਮੁਖਾਂ ਦਾ ਹਿਰਦਾ; ਇੰਦ੍ਰ ਦਾ ਸਿੰਘਾਸਣ (ਮ. ਕੋ.)।ਦੀਅਉ–(ਬੈਠਣ ਲਈ) ਦਿਤਾ।ਸਿਰੀ ਗੁਰੁ–ਸ੍ਰੀ ਗੁਰੂ ਰਾਮਦਾਸ ਜੀ ਨੂੰ।ਤਹ–ਉਸ (ਤਖਤ ਉਤੇ)।ਰਹਸੁ–ਖੁਸ਼ੀ; ਮੰਗਲਾਚਾਰ।ਸੁਰਦੇਵ–ਦੇਵਤਿਆਂ (ਅਦ੍ਰਿਸ਼ਟ ਮੰਡਲ ਦੀਆਂ ਹਰੀ ਨਾਲ ਜੁੜੀਆਂ ਰੂਹਾਂ) ਨੇ।ਤੋਹਿ–ਤੇਰਾ।ਜਯ ਜਯ ਜੰਪਹਿ–ਜੈ ਜੈ ਕਾਰ ਕਰਦੇ ਹਨ।ਅਸੁਰ–ਦੈਂਤ।ਤੇ–ਉਹ।ਤਿਨ ਭੀਤਰਿ–ਉਨ੍ਹਾਂ ਦੇ ਅੰਦਰ।ਕੰਪਹਿ–ਕੰਬ ਰਹੇ ਸਨ।ਕਾਟੇ–ਕਟ ਦਿਤੇ।ਸੁ–ਸਾਰੇ; ਬਹੁਤ ਜਿਆਦਾ (ਮ. ਕੋ)।ਤਿਨ੍ ਨਰਹੁ ਕੇ–ਉਨ੍ਹਾਂ ਮਨੁੱਖਾਂ ਦੇ। ਜਿਨ–ਜਿਨ੍ਹਾਂ ਨੇ।ਪਾਇਯਉ–(ਪਾਇਅਉ ਬੋਲੋ) ਪਾਇਆ ਹੈ; ਪ੍ਰਾਪਤ ਹੋਏ ਹਨ।ਛਤ੍ਰ ਸਿੰਘਾਸਨੁ–ਗੁਰਿਆਈ ਦਾ ਛਤਰ ਤੇ ਤਖਤ ।ਕਉ ਦੇ ਆਇਅਉ–ਨੂੰ ਦੇ ਕੇ ਆ ਗਏ ਹਨ।ਪਰਮੇਸ੍ਰ ਨੂੰ ਪਰਮੇਸੁਅਰ ਬੋਲੋ।੨।੨੧।੯।੧੧।੧੦।੧੦।੨੨।੬੦। ੧੪੩।

ਵਿਆਖਿਆ = ਭੱਟ ਹਰਬੰਸ ਜੀ ਨੇ ਗਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾ ਜਾਣ ਦਾ ਇਹ ਬਿਰਤਾਂਤ ਧਰਤੀ ਤੇ ਵਰਤ ਰਹੀਆਂ ਘਟਨਾਵਾਂ ਦੇ ਪ੍ਰਮਾਣਾਂ ਅਨੁਸਾਰ ਅੱਖਰਾਂ ਵਿਚ ਬਿਆਨ ਕੀਤਾ ਹੈ।ਵਾਹਿਗੁਰੂ ਨਾਲ ਮਿਲੇ ਹੋਏ ਮਹਾਂ ਪੁਰਖਾਂ ਨੂੰ ਅੰਤਰ ਆਤਮਾ ਵਿਚ ਜੋ ਰੱਬੀ ਸੰਦੇਸ਼ ਮਿਲਿਆ ਕਰਦੇ ਹਨ, ਉਹ ਸੰਸਾਰਕ ਬੋਲੀ ਵਿਚ ਨਹੀਂ ਹੁੰਦੇ।ਪ੍ਰਾਪਤ ਹੋਏ ਇਲਾਹੀ ਸੰਦੇਸ਼ ਫਿਰ ਲੋਕਾਂ ਨੂੰ ਸਮਝਾਉਣ ਲਈ ਮਹਾਂ ਪੁਰਖ, ਲੋਕਾਂ ਦੀ ਭਾਸ਼ਾ ਦੀ ਵਰਤੋਂ ਕਰ ਕੇ ਸਮਝਾਇਆ ਕਰਦੇ ਹਨ।ਅਦ੍ਰਿਸਟ ਮੰਡਲ ਦੀਆਂ ਇਹ ਗੱਲਾਂ ਹਨ, ਇਨ੍ਹਾਂ ਨੂੰ ਉਹ ਹੀ ਸਮਝ ਸਕਦਾ ਹੈ, ਜਿਸ ਦੀ ਆਤਮਕ ਅਵਸਥਾ ਦੀ ਪਹੁੰਚ ਇਸ ਮੰਡਲ ਤਕ ਹੋਵੇ।ਸੰਸਾਰਕ ਵਾਸ਼ਨਾਵਾਂ, ਦੁਨੀਆਵੀ ਮੋਹ ਤੇ ਮਾਇਕ ਬੰਧਨਾਂ ਵਿਚ ਜਕੜਿਆ ਮਨ ਇਸ ਉਚੇ ਅਰਸ਼ੀ ਮੰਡਲ ਦਾ ਅਨੰਦ ਨਹੀ ਮਾਣ ਸਕਦਾ।ਕਿੰਨੇ ਹੀ ਦੇਵੀ ਦੇਵਤੇ ਵਾਹਿਗੁਰੂ ਦੇ ਦਰ ਤੇ ਜਸ ਕਰਦੇ ਗੁਰੂ ਨਾਨਕ ਦੇਵ ਜੀ ਨੇ ਜਪ ਜੀ ਦੀ ੨੭ ਵੀਂ ਪੌੜੀ ਵਿਚ ਕਥਨ ਕੀਤੇ ਹਨ।ਹੋਰ ਬੇਅੰਤ ਬਖਸ਼ੀਆਂ ਹੋਈਆਂ ਅਮਰ ਰੂਹਾਂ ਨਿਰੰਕਾਰ ਦੇ ਨੇੜੇ ਰਹਿਣ ਦਾ ਅਨੰਦ ਮਾਣਦੀਆਂ ਹਨ ਅਤੇ ਜਨਮ ਮਰਣ ਤੋਂ ਰਹਿਤ ਹੋ ਕੇ ਨਿਰੰਕਾਰ ਵਿਚ ਲੀਨ ਰਹਿੰਦੀਆਂ ਹਨ।

ਜਪੁ ਦਾ ਵਾਕ ਹੈਃ– ਤਿਥੈ ਜੋਧ ਮਹਾ ਬਲ ਸੂਰ।ਤਿਨ ਮਹਿ ਰਾਮ ਰਹਿਆ ਭਰਪੂਰ।...ਤਿਥੈ ਭਗਤ ਵਸਹਿ ਕੇ ਲੋਅ।ਕਰਹਿ ਅਨੰਦ ਸਚਾ ਮਨਿ ਸੋਇ। (੮); ਸਭ ਤੇ ਉਚ ਭਗਤ ਜਾਕੈ ਸੰਗਿ।ਆਠ ਪਹਰ ਗੁਨ ਗਾਵਹਿ ਰੰਗਿ। (੧੨੩੫)

ਇਥੇ ਤਕ,ਮੁਖਬਾਕੁ ਮਹਲਾ ੫ (ਦੇ ੯+ ੧੧) ੨੦ ਸਵਯੇ।ਸਵਈਏ ਮਹਲੇ ਪਹਿਲੇ ਕੇ ੧੦।ਸਵਈਏ ਮਹਲੇ ਦੂਜੇ ਕੇ ੧੦। ਸਵਈਏ ਮਹਲੇ ਤੀਜੇ ਕੇ ੨੨।ਸਵਈਏ ਮਹਲੇ ਚਉਥੇ ਕੇ ੬੦ ਅਤੇ ਸਵਈਏ ਮਹਲੇ ਪੰਜਵੇ ਕੇ ੨੧। ਕੁਲ ਜੋੜ ੧੪੩।

## ॥ ਭੱਟਾਂ ਦੇ ਸਵੱਈਏ ਸੰਪੂਰਨ ਹੋ ਗਏ ਹਨ ॥

ਮਃ ੫।ਮੂ ਥੀਆਊ ਸੇਜ ਨੈਣਾ ਪਿਰੀ ਵਿਛਾਵਣਾ।ਜੇ ਡੇਖੈ ਹਿਕ ਵਾਰ ਤਾ ਸੁਖ ਕੀਮਾ ਹੂ ਬਾਹਰੇ ॥

ਪਉੜੀ। ਮਨੁ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ। ਮੈ ਲਖ ਵਿੜਤੇ ਸਾਹਿਬਾ ਜੇ ਬਿੰਦ ਬੋੁਲਾਈਆ ॥
ਮੈ ਚਾਰੇ ਕੁੰਡਾ ਭਾਲੀਆ ਤੁਧੁ ਜੇਵਡੁ ਨ ਸਾਈਆ। ਮੈ ਦਸਿਹੁ ਮਾਰਗੁ ਸੰਤਹੁ ਕਿਉ ਪ੍ਰਭੂ ਮਿਲਾਈਆ ॥
ਮਨੁ ਅਰਪਿਹੁ ਹਉਮੈ ਤਜਹੁ ਇਤੁ ਪੰਥਿ ਜੁਲਾਈਆ। ਨਿਤ ਸੇਵਿਹੁ ਸਾਹਿਬੁ ਆਪਣਾ ਸਤਸੰਗਿ ਮਿਲਾਈਆ ॥
ਸਭੇ ਆਸਾ ਪੂਰੀਆ ਗੁਰ ਮਹਲਿ ਬੁਲਾਈਆ। ਤੁਧੁ ਜੇਵਡੁ ਹੋਰੁ ਨ ਸੁਝਈ ਮੇਰੇ ਮਿਤ੍ਰ ਗੋੁਸਾਈਆ ॥੧੨॥
ਡਖਣੇ ਮਃ ੫। ਮੂ ਥੀਆਊ ਤਖਤੁ ਪਿਰੀ ਮਹਿੰਜੇ ਪਾਤਸਾਹ। ਪਾਵ ਮਿਲਾਵੇ ਕੋਲਿ ਕਵਲ ਜਿਵੈ ਬਿਗਸਾਵਦੋ ॥
(੧੦੯੮)

ਸਲੋਕੁ ॥ ਆਏ ਪ੍ਰਭ ਸਰਨਾਗਤੀ ਕਿਰਪਾ ਨਿਧਿ ਦਇਆਲ ॥
ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ ॥ (੨੬੧)

ਹੇ ਗੁਰੂ ਅਰਜਨ ਦੇਵ ਜੀ ਆਪ ਜੀ ਦੀ ਉਸਤਤੀ ਵਿਚ ਭੱਟਾਂ ਨੇ ਜੋ ਸਵਈਏ ਉਚਾਰੇ ਹਨ, ਇਨ੍ਹਾਂ ਦੇ ਅਰਥ ਤੇ ਵਿਆਖਿਆ ਲਿਖਦਿਆਂ ਬੇਅੰਤ ਭੁੱਲਾਂ ਹੋ ਗਈਆਂ ਹੋਣਗੀਆਂ। ਅਪਣਾ ਅਣਜਾਣ ਸੇਵਕ ਜਾਣ ਕੇ ਖਿਮਾ ਕਰ ਦੇਣਾ ਜੀ। ਅੱਗੇ ਨੂੰ ਸੁਮੱਤ ਬਖਸ਼ ਕੇ ਸ਼ੁੱਧ ਅਰਥ ਲਿਖਣ ਦੀ ਬਲ ਬੁਧੀ ਬਖਸ਼ਣੀ ਜੀ।

ਖਿਮਾ ਦਾ ਜਾਚਕ – ਦਾਸਨਿਦਾਸ ਹਰਜਿੰਦਰ ਸਿੰਘ ਗਿਆਨੀ
11 JAN. 2009 2.00 P.M. SUNDAY

ਅਰਥਾਂ ਵਿਚ ਵਰਤੇ ਸੰਖੇਪ ਚਿੰਨ੍ਹਾਂ ਦਾ ਵੇਰਵਾ :– ਟਕਸਾਲ = ੧. ਭਿੰਡਰਾਂ ਵਾਲੀ ਟਕਸਾਲ।
੨ ਗੁ, ਪਾ. ਦ. = ਗੁਰਬਾਣੀ ਪਾਠ ਦਰਸ਼ਨ (ਕਰਤਾ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂ ਵਾਲੇ)।
੩. ਸੰ. ਸ. = ਸੰਪ੍ਰਦਾਈ ਸਟੀਕ ਅਥਵਾ ਅਮੀਰ ਭੰਡਾਰ (ਟੀਕਾਕਾਰ ਸੰਤ ਕ੍ਰਿਪਾਲ ਸਿੰਘ ਜੀ ਗਲੀ ਸੱਤੋ ਵਾਲੀ, ਸ੍ਰੀ ਅੰਮ੍ਰਿਤਸਰ)।
੪. ਫ. ਸ. = ਫਰੀਦਕੋਟ ਸਟੀਕ ਅਥਵਾ ਫਰੀਦਕੋਟ ਵਾਲਾ ਟੀਕਾ (ਪ੍ਰਕਾਸ਼ਕ ਭਾਸ਼ਾ ਵਿਭਾਗ)।
੫. ਜਿਥੇ ; ਚਿੰਨ੍ਹ ਆਉਂਦਾ ਹੈ, ਉਸ ਦਾ ਮਤਲਬ ਹੈ ਦੂਜਾ ਅਰਥ, ਅਥਵਾ ਅਤੇ ਜਾਂ ।
੬. ਨਿਰਣੈ = ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ (ਟੀਕਾਕਾਰ ਗਿਆਨੀ ਹਰਬੰਸ ਸਿੰਘ ਪਟਿਆਲਾ)।
੭. ਦਰਪਨ = ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਨ (ਟੀਕਾਕਾਰ ਪ੍ਰੋਫੈਸਰ ਸਾਹਿਬ ਸਿੰਘ)।
੮. ਸ਼ਬਦਾਰਥ = ਪ੍ਰਕਾਸ਼ਕ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ।
੯. ਮ. ਕੋ. = (ਗੁਰ ਸ਼ਬਦ ਰਤਨਾਕਰ) ਮਹਾਨ ਕੋਸ਼ (ਕਰਤਾ ਭਾਈ ਕਾਨ੍ਹ ਸਿੰਘ ਨਾਭਾ)।
੧੦. ਸ੍ਰੀ. ਗੁ. ਗ੍ਰ. ਸਾ. ਕੋਸ਼ = ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ (ਭਾਈ ਵੀਰ ਸਿੰਘ ਜੀ)। ਸੰ. ਪੋ. = ਸੰਥਿਆ ਪੋਥੀਆਂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਟੀਕਾਕਾਰ ਭਾਈ ਵੀਰ ਸਿੰਘ ਜੀ)।
੧੧. ਸੁ. ਪ੍ਰ. = ਗੁਰ ਪ੍ਰਤਾਪ ਸੂਰਜ ਪ੍ਰਕਾਸ਼। ਨਾ. ਪ੍ਰ. = ਨਾਨਕ ਪ੍ਰਕਾਸ਼ (ਲਿਖਤ ਕਵੀ ਸੰਤੋਖ ਸਿਘ ਜੀ )।
੧੨. ਭਾ. ਗੁ. = ਭਾਈ ਗੁਰਦਾਸ ਜੀ। ਕ. ਭਾ. ਗੁ. ਕਬਿੱਤ ਭਾਈ ਗੁਰਦਾਸ ਜੀ।
੧੩. ਅਰਥਾਂ ਦੇ ਨਾਲ ਨਾਲ ਹਰੇ ਰੰਗ ਦੇ ਅੱਖਰਾਂ ਵਿਚ ਗੁਰੂ ਗ੍ਰੰਥ ਸਾਹਿਬ ਜੀ, ਦਸਮ ਗ੍ਰੰਥ ,ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ ਆਦਿ ਦੇ ਪ੍ਰਮਾਣ ਲਿਖੇ ਹੋਏ ਹਨ।
੧੪. ਗੁਰੂ ਗ੍ਰੰਥ ਸਾਹਿਬ ਵਿਚੋਂ ਦਿਤੇ ਪ੍ਰਮਾਣਾਂ ਨਾਲ ਕੇਵਲ ਅੰਗ ਹੀ ਲਿਖੇ ਹਨ, ਅੰਗਾਂ ਨਾਲ ਗੁਰੂ ਗ੍ਰੰਥ ਸਾਹਿਬ ਨਹੀਂ ਲਿਖਿਆ ਗਿਆ।
੧੫. ਅ. ਉ. = ਅਕਾਲ ਉਸਤਤ (ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ)। ਪਾ.= ਪਾਤਸ਼ਾਹੀ।

16. S.G.P.C. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਸ਼੍ਰੀ ਅੰਮ੍ਰਿਤਸਰ)।
੧੭. ਪੰ. = ਪੰਡਤ। ਭਾ. = ਭਾਈ।ਅ. = ਅਰਬੀ।ਫ. = ਫਾਰਸੀ।
੧੮. ਨਰੋਤਮ = ਨਿਰਮਲੇ ਸਾਧੂ ਪੰ. ਤਾਰਾ ਸਿੰਘ ਨਰੋਤਮ (ਜਿਨ੍ਹਾ ਨੇ ਗੁਰਬਾਣੀ ਦੇ ਅਰਥ ਕੀਤੇ ਹਨ)।
੧੯. ਪਦਾਰਥ = ਪਦ + ਅਰਥ ।

**ਭੱਟਾਂ ਵਾਰੇ ਜਾਣਕਾਰੀ** = ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਭੱਟਾਂ ਦੇ ਸਵੱਈਏ ਦਰਜ ਹਨ, ਉਨ੍ਹਾਂ ਵਾਰੇ ਖੋਜੀ ਵਿਦਵਾਨਾਂ ਨੇ ਥੋੜੀ ਬਹੁਤ ਜੋ ਜਾਣਕਾਰੀ ਹਾਸਲ ਕੀਤੀ ਹੈ, ਉਹ ਮੈਂ ਇਥੇ ਲਿਖਣ ਲੱਗਾਂ ਹਾਂ।ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਵੇਲੇ ਗੁਰੂ ਜੀ ਦੇ ਕੁਝ ਪ੍ਰੇਮੀ ਗੁਰ ਸਿੱਖ ਬਹੁਤ ਪਿਆਰ ਨਾਲ ਖੜ੍ਹੇ ਹੋ ਕੇ ਸਵੱਈਏ ਪੜ੍ਹਦੇ ਹਨ। ਜਦੋਂ ਸਿੰਘ ਸਾਹਿਬ ਪ੍ਰਕਾਸ਼ ਕਰ ਲੈਂਦੇ ਹਨ, ਤਾਂ ਅਖੀਰ ਵਿਚ, ਹਮ ਅਵਗੁਣਿ ਭਰੇ ਏਕੁ ਗੁਣ ਨਾਹੀ...ਸਵਈਆ ਪੜਿਆ ਜਾਂਦਾ ਹੈ ।ਸੰਪ੍ਰਦਾਵਾਂ ਭੱਟਾਂ ਨੂੰ ਵੇਦਾਂ ਦਾ ਅਵਤਾਰ ਮੰਨਦੀਆਂ ਹਨ।ਪਰ ਜਾਪਦਾ ਹੈ ਕਿ ਇਹ ਭੱਟ ਵੇਦਾਂ ਦੇ ਧੁਰੰਤਰ ਵਿਦਵਾਨ ਸਨ, ਇਸੇ ਕਰਕੇ ਭੱਟਾਂ ਨੂੰ ਵੇਦਾਂ ਦੇ ਅਵਤਾਰ ਮੰਨ ਲਿਆ ਗਿਆ ਹੋਵੇਗਾ।ਬਨਾਰਸ ਵਿਖੇ ਵੇਦ ਪੜ੍ਹਨ ਸਮੇਂ ਭੱਟਾਂ ਨੂੰ ਪ੍ਰਭੂ ਮਿਲਣ ਦੀ ਤਾਂਘ ਉਪਜੀ।ਬਨਾਰਸ ਹਿੰਦੂਆਂ ਦਾ ਪ੍ਰਸਿਧ ਤੀਰਥ ਅਤੇ ਵਿਦਿਆ ਦਾ ਵੱਡਾ ਕੇਂਦਰ ਰਿਹਾ ਹੈ।ਸਾਰੇ ਭਾਰਤ ਵਰਸ਼ ਤੋਂ ਬੜੇ ਵਿਦਵਾਨ ਪੰਡਤਾਂ, ਰਿਸ਼ੀਆਂ, ਮੁਨੀਆਂ ਤੇ ਸਾਧੂ ਸੰਤਾਂ ਦਾ ਆਉਣਾ ਜਾਣਾ ਬਣਿਆ ਰਹਿੰਦਾ ਹੈ।ਇਨ੍ਹਾਂ ਸਵੱਈਆਂ ਨੂੰ ਲਿਖਣ ਵਾਲੇ ਭੱਟ ਹਰ ਸੰਪ੍ਰਦਾ ਦੇ ਸਾਧੂਆਂ ਤੋਂ ਕੁਛ ਸਿੱਖਣ ਦੀ ਕੋਸ਼ਿਸ ਕਰਦੇ ਰਹੇ।ਜਿਸ ਦਾ ਜਿਕਰ ਖੁਦ ਇਨ੍ਹਾਂ ਭੱਟਾਂ ਨੇ,'ਰਹਿਓ ਸੰਤ ਹਓ ਟੋਲਿ... ,ਜਬ ਲਓ ਨਹੀ ਭਾਗ ਲਿਲਾਰ ਉਦੈ'...ਰਾਹੀਂ ਕੀਤਾ ਹੈ।ਗੁਰੂ ਨਾਨਕ ਦੇਵ ਜੀ ਦੇ ਕਾਂਸ਼ੀ ਆਉਣ ਸਮੇਂ ਪੰ. ਗੁਪਾਲ ਦੱਤ, ਪੰ. ਚਤੁਰ ਦਾਸ ਅਤੇ ਕੁਝ ਹੋਰ ਪੰਡਤ ਗੁਰੂ ਦੇ ਦਰਸ਼ਨ ਕਰਕੇ ਅਤੇ ਵਿਚਾਰ ਸੁਣ ਕੇ ਸਿੱਖ ਬਣ ਗਏ ਸਨ।ਗੁਰੂ ਨਾਨਕ ਦੇਵ ਜੀ ਦੇ ਸਹਸਕ੍ਰਿਤੀ ਵਿਚ ਉਚਾਰੇ ਸਲੋਕ ਇਹ ਪੰਡਤ ਬੜੇ ਪਿਆਰ ਨਾਲ ਪੜ੍ਹਿਆ ਕਰਦੇ ਹੁੰਦੇ ਸਨ।ਅਪਣੇ ਪ੍ਰਵਚਨਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਹਵਾਲਾ ਵੀ ਦਿਆ ਕਰਦੇ ਸਨ।ਇਸ ਬਾਤ ਦਾ ਪਤਾ ਜਦ ਭੱਟਾਂ ਨੂੰ ਲਗਾ ਤਾਂ ਇਹ ਭੱਟ ਗੁਪਾਲ ਦੱਤ ਤੇ ਚਤੁਰ ਦਾਸ ਦੇ ਪੁਤ੍ਰਾਂ ਨੂੰ ਮਿਲੇ।ਕਾਂਸ਼ੀ ਦੇ ਪੰਡਤਾਂ ਤੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਦ ਇਨ੍ਹਾਂ ਭੱਟਾਂ ਨੇ ਸੁਣੀ ਤਾਂ ਮਨ ਵਿਚ ਦਰਸ਼ਨਾਂ ਦੀ ਪਿਆਸ ਉਠੀ।ਇਨ੍ਹਾਂ ਦਿਨਾਂ ਵਿਚ ਗੁਰੂ ਅਮਰਦਾਸ ਜੀ ਗੁਰਿਆਈ ਦੇ ਤਖਤ ਤੇ ਬਿਰਾਜਮਾਨ ਸਨ।ਕੁਝ ਭੱਟ ਭਿੱਖਾ ਜੀ ਦੇ ਨਾਲ ਗੁਰੂ ਅਮਰ ਦਾਸ ਜੀ ਦੇ ਦਰਸ਼ਨਾਂ ਨੂੰ ਸ੍ਰੀ ਗੋਇੰਦ ਵਾਲ ਪੁਜੇ।ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਕੇ ਅਤੇ ਪ੍ਰਵਚਨ ਸੁਣ ਕੇ ਸੁਖ ਸ਼ਾਂਤੀ ਮਿਲੀ ਅਤੇ ਗੁਰੂ ਜੀ ਦੇ ਸਿੱਖ ਹੋ ਗਏ।ਭਾਈ ਮਨੀ ਸਿੰਘ ਦੀ ਰਚਿਤ ਸਿੱਖਾਂ ਦੀ ਭਗਤ ਮਾਲਾ ਜੋ ਭਾਈ ਵੀਰ ਸਿੰਘ ਜੀ ਨੇ ਸੰਪਾਦਨ ਕੀਤੀ ਹੈ।ਇਸ ਵਿਚ ਭਾ. ਗੁਰਦਾਸ ਜੀ ਦੀ ੧੧ ਵੀਂ ਵਾਰ ਦਾ ਟੀਕਾ ਕੀਤਾ ਹੋਇਆ ਇਸ ਤਰ੍ਹਾਂ ਲਿਖਿਆ ਮਿਲਦਾ ਹੈਃ- ਸੁਲਤਾਨ ਪੁਰ ਵਾਸੀ ਸਿਖ ਚਾਊ ਤੇ ਬੰਮੀ, ਮੂਲਾ ਤੇ ਭਾਈ ਹੇਮਾ ਕਪਾਹੀ ਤੇ ਭਾਈ ਗੋਇੰਦ ਘੇਈ ਤੇ ਭਿੱਖਾ ਟੋਡਾ ਭੱਟ.. (ਹੋਰ ਸਿਖਾਂ ਦੇ ਨਾਮ) ਗੁਰੂ ਅਰਜਨ ਦੇਵ ਜੀ ਦੇ ਹਜੂਰ ਆਏ ਤੇ ਅਰਦਾਸ ਕੀਤੀ, ਜੀ, ਅਸੀਂ ਤੀਸਰੀ ਪਾਤਿਸ਼ਾਹੀ ਦੇ ਸਿਖ ਹੋਏ ਹਾਂ ... ।ਇਹ ਭਾਈ ਮਨੀ ਸਿੰਘ ਜੀ ਦੀ ਲਿਖੀ ਪ੍ਰਸਿੱਧ ਗਵਾਹੀ ਕਿ ਭੱਟ ਭਿੱਖਾ ਤੇ ਟੋਡਾ ਆਦਿ ਭੱਟ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਗੁਰੂ ਦਰਬਾਰ ਨਾਲ ਜੁੜੇ ਹੋਏ ਸਨ।ਸਾਰੇ ਸਵੱਈਆਂ ਵਿਚ ਭੱਟ ਭਿੱਖਾ ਜੀ ਦੇ ਕੇਵਲ ਦੋ ਸਵੱਈਏ ਲਿਖੇ ਮਿਲਦੇ ਹਨ, ਦੋਵੇਂ ਗਰੂ ਅਮਰਦਾਸ ਜੀ ਦੀ ਉਸਤਤੀ ਵਿਚ ਉਚਾਰੇ ਹੋਏ ਹਨ।ਮੇਰਾ ਅਨੁਮਾਨ ਹੈ ਕਿ ਜਦ ਭਿੱਖਾ ਜੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਆਏ ਸਨ ਤਾਂ ਗੁਰੂ ਜੀ ਦੀ ਹਜੂਰੀ ਵਿਚ ਰਹਿ ਕੇ ਇਹ ੨ ਸਵੱਯੇ ਉਚਾਰੇ ਹੋਣਗੇ।ਭੱਟਾਂ ਵਿਚੋਂ ਭਿੱਖਾ ਜੀ ਸਭ ਤੋਂ ਵੱਡੀ ਉਮਰ ਦੇ ਸਨ।ਭੱਟ ਵਹੀਆਂ ਅਨੁਸਾਰ ਭੱਟਾਂ ਦੀ ਬੰਸਾਵਲੀ ਭਗੀਰਥ ਭੱਟ ਤੋਂ ਸ਼ੁਰੂ ਹੁੰਦੀ ਹੈ, ਅੱਗੇ ਭਗੀਰਥ ਦੀ ਨੌਵੀਂ ਪੀੜ੍ਹੀ ਵਿਚ ਰਈਆ ਨਾਂ ਦਾ ਭੱਟ ਹੋਇਆ ਹੈ। ਰਈਏ ਦੇ ਛੇ ਪੁਤ੍ਰ ਸਨਃ- ੧ ਭਿੱਖਾ, ਸੇਖਾ, ਤੋਖਾ, ਗੋਖਾ, ਚੋਖਾ ਅਤੇ ਟੋਡਾ।ਇਹ ਭੱਟ ਵੇਦਾਂ ਦੀ ਕਥਾ, ਵੱਡੇ ਲੋਕਾਂ ਦੀ ਸੋਭਾ ਦੇ, ਜੰਗਾਂ ਜੁਧਾਂ ਅਤੇ ਖੁਸ਼ੀ ਗਮੀ ਸਮੇਂ ਗੀਤ ਗਾ ਕੇ ਅਪਣਾ ਗੁਜਾਰਾ ਚਲਾਇਆ ਕਰਦੇ ਸਨ।ਇਨ੍ਹਾਂ ਵਿਚੋਂ ਕਈ ਰਾਜਿਆਂ ਦੇ ਦਰਬਾਰੀ ਕਵੀ ਵੀ ਸਨ।ਇਨ੍ਹਾਂ ਦੇ ਖਾਨਦਾਨ ਮੁਖ ਤੌਰ ਤੇ ਸੰਗਰੂਰ, ਕਰਨਾਲ ਅਤੇ ਹਿਸਾਰ ਜਿਲ੍ਹਿਆ ਵਿਚ ਵਸੇ ਹੋਏ ਮਿਲਦੇ ਹਨ।ਕਰਸਿੰਧੂ ਜਿਲ੍ਹਾ ਕਰਨਾਲ ਅਤੇ ਤਲਾਉਂਡਾ ਨਗਰ ਵਿਖੇ ਭਟਾਂ ਦੇ ਕਾਫੀ ਘਰ ਹਨ।ਸਰਸਾ, ਅਟੋਲਾ, ਭਾਦਸੋਂ ਵਿਚ ਵੀ ਕੁਝ ਪ੍ਰਵਾਰ ਹਨ। ਹਿਸਾਰ ਦੇ ਇਲਾਕੇ ਬਰਵਾਲਾ, ਬਨਭੌਰ ਵਿਚ ਵੀ ਭੱਟਾਂ ਦੀ ਵੱਸੋਂ ਹੈ।

**ਭਿੱਖਾ** ਜੀ ਦਾ ਜਨਮ ਸੁਲਤਾਨਪੁਰ ਵਿਖੇ ਰਈਆ ਭੱਟ ਦੇ ਘਰ ਹੋਇਆ।ਆਪ ਦੇ ਤਿੰਨ ਪੁਤ੍ਰ ਕਲ੍ਯ, ਕੀਰਤ, ਮਥਰਾ, ਜਾਲਪ, ਮਲੀਆ ਤੇ ਦਲੀਆ ਸਨ।ਸਵੱਈਆਂ ਨੂੰ ਲਿਖਣ ਵਾਲੇ ਭੱਟ, ਭਿੱਖਾ ਜੀ ਦੇ ਭਰਾ, ਪੁਤ੍ਰ ਜਾਂ ਪੋਤ੍ਰੇ ਅਤੇ ਭਤੀਜੇ ਸਨ।ਆਪ ਦੇ

ਕੇਵਲ ਦੋ ਸਵੱਯੇ ਗੁਰੂ ਅਮਰਦਾਸ ਜੀ ਦੀ ਉਸਤਤੀ ਵਿਚ ਰਚੇ ਹੋਏ ਹਨ।ਗੁਰੂ ਅਮਰਦਾਸ ਜੀ ਵੇਲੇ ਤੋਂ ਹੀ ਗੁਰੂ ਜੀ ਦੇ ਸਿੱਖ ਬਣ ਗਏ ਸਨ

ਕਲ੍ਹ ਭੱਟ ਦਾ ਜਨਮ ਭਿੱਖਾ ਜੀ ਦੇ ਘਰ ਹੋਇਆ।ਕਈ ਵਿਦਵਾਨਾਂ ਨੇ ਕਲ੍ਹ ਨੂੰ ਹੀ ਕਲਸਹਾਰ ਮੰਨਿਆ ਹੈ।ਸ਼੍ਰੋ. ਗੁ. ਪ੍ਰ. ਕਮੇਟੀ ਦੇ ਛਪਦੇ ਗੁਰਮਤਿ ਪ੍ਰਕਾਸ਼ ਵਿਚ ਜੂਨ ੨੦੦੮ ਦੇ ਅੰਕ ਵਿਚ ਡਾ. ਦਲਵਿੰਦਰ ਸਿੰਘ ਨੇ ਕਲ੍ਹ ਅਤੇ ਕਲਸਹਾਰ ਵਖੋ ਵਖਰੇ ਭੱਟ ਕਵੀ ਮੰਨੇ ਹਨ।ਉਨ੍ਹਾਂ ਅਨੁਸਾਰ ਕਲ੍ਹ ਦੇ ਪਿਤਾ ਦਾ ਨਾਮ ਭਿੱਖਾ ਹੈ ਅਤੇ ਭੱਟਾਂ ਵਿਚੋਂ ਸਭ ਤੋਂ ਵੱਧ ਵਿਦਵਾਨ ਸੀ।ਇਹ ਮੁਗਲ ਕਾਲ ਦਾ ਬੜਾ ਪ੍ਰਸਿੱਧ ਕਵੀ ਸੀ।ਗੁਰੂ ਮਹਿਮਾਂ ਤੋਂ ਬਿਨਾ ਉਸ ਨੇ ਦਿੱਲੀ ਰਾਜ ਬੰਸਾਵਲੀ ਨਾਂ ਦੀ ਪੁਸਤਕ ਵੀ ਲਿਖੀ ਜਿਸ ਦੇ ੧੧੯ ਛੰਦ ਹਨ।ਇਸਦਾ ਖਰੜਾ ਬੀਕਾਨੇਰ ਦੇ ਅਭਯ ਜੈਨ ਗ੍ਰੰਥਾਲਯ ਵਿਚ ਪਿਆ ਹੈ।

ਕਲਸਹਾਰ ਭੱਟ ਭਿੱਖਾ ਜੀ ਦੇ ਭਰਾ ਭੱਟ ਚੋਖਾ ਜੀ ਦੇ ਪੁਤ੍ਰ ਸਨ।ਕੁਝ ਵਿਦਵਾਨ ਕਲ੍ਹ ਅਤੇ ਟਲ ਆਪ ਦੇ ਹੀ ਉਪਨਾਮ ਮੰਨਦੇ ਹਨ ।ਕਲ੍ਹ ਅਤੇ ਕਲਸਹਾਰ ਚਚੇਰੇ ਭਰਾ ਸਨ।ਮਹਾਨ ਕੋਸ਼ ਨੇ ਵੀ ਦੋਹਾਂ ਨੂੰ ਵੱਖ ਵੱਖ ਭੱਟ ਮੰਨਿਆ ਹੈ।ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਵੱਧ ੫੪ ਸਵੱਈਏ ਇਨ੍ਹਾਂ ਦੋਹਾਂ ਕਲ੍ਹ ਜਾਂ ਕਲਸਹਾਰ ਦੇ ਉਚਰੇ ਹੋਏ ਹਨ।ਮੇਰਾ ਅਨੁਮਾਨ ਹੈ ਕਿ ਇਨ੍ਹਾਂ ਦੋਹਾਂ ਨੇ ਰਲ ਕੇ ਸਵੱਯੇ ਉਚਾਰੇ ਹਨ, ਜਿਹੜੇ ਕਲ੍ਹ ਜਾਂ ਕਲਸਹਾਰ ਦੇ ਨਾਵਾਂ ਦੀ ਵਰਤੋਂ ਵਾਲੇ ਹਨ।ਜਿਵੇਂ ਗੁਰੂ ਰਾਮਦਾਸ ਜੀ ਦੀ ਸਿਫਤੀ ਵਿਚ ਉਚਾਰੇ ਪਹਿਲੇ ਸਵੱਯੇ ਵਿਚ ਦੋਹਾਂ ਦਾ ਨਾਂ ਆਉਂਦਾ ਹੈ {'ਕਲ੍ਹਸਹਾਰੁ ਤਾਸੁ ਗੁਣ ਜੰਪੈ'..ਫਿਰ ਅਖੀਰ ਵਿਚ,'ਕਵਿ ਕਲ੍ਹ ਠਕੁਰ ਹਰਿਦਾਸ ਤਨੇ' ੧੩੯੬}।ਇਨ੍ਹਾਂ ਦੋਹਾਂ ਭੱਟ ਕਵੀਆਂ ਨੇ ਰਲ ਪੰਜਾਂ ਗੁਰੂ ਸਾਹਿਬਾਨਾਂ ਦੇ ਸਵੱਈਏ ਉਚਾਰਣ ਕੀਤੇ ਹਨ।ਗੁਰੂ ਨਾਨਕ ਦੇਵ ਜੀ ਦੀ ਉਸਤਤੀ ਵਿਚ ੧੦, ਗੁਰੂ ਅੰਗਦ ਦੇਵ ਜੀ ਦੀ ਉਸਤਤੀ ਵਿਚ ੧੦, ਗੁਰੂ ਅਮਰਦਾਸ ਜੀ ਦੀ ਉਸਤਤੀ ਵਿਚ ੯, ਗੁਰੂ ਰਾਮਦਾਸ ਜੀ ਦੀ ਉਸਤਤੀ ਵਿਚ ੧੩ ਅਤੇ ਗੁਰੂ ਅਰਜਨ ਦੇਵ ਜੀ ਦੀ ਉਤਤੀ ਵਿਚ ੧੨ = ਕੁਲ ਜੋੜ ੫੪ ਸਵੱਯੇ ਉਚਾਰਣ ਕੀਤੇ ਹੋਏ ਹਨ।

ਟਲ ਭੱਟ ਭਿੱਖਾ ਦੇ ਭਰਾ ਸੇਖਾ ਜੀ ਦੇ ਪੁਤ੍ਰ ਸਨ, ਜਿਨ੍ਹਾਂ ਨੂੰ ਗੁਰਸਿੱਖੀ ਦੀ ਲਗਨ ਭਿੱਖਾ ਜੀ ਰਾਹੀਂ ਲਗੀ।ਭੱਟ ਟਲ ਜੀ ਦੇ ਸਵੱਈਏ ਦੀਆਂ ਇਹ ਤੁਕਾਂ ਬਹੁਤ ਪ੍ਰਸਿੱਧ ਹਨ {ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ ੧੩੯੨}, ਇਹ ਤੁਕਾਂ ਹੁਕਮਨਾਮਾ ਲੈਣ ਸਮੇਂ ਮੰਗਲਾਚਰਣ ਵੱਜੋਂ ਪੜ੍ਹੀਆਂ ਜਾਂਦੀਆਂ ਹਨ।

ਜਾਲਪ ਜੀ, ਆਪ ਭੱਟ ਭਿੱਖਾ ਦੇ ਪੁਤ੍ਰ ਸਨ।ਇਹ ਅਪਣੇ ਵੱਡੇ ਭਰਾ ਕਲ੍ਹ ਦੇ ਨਾਲ ਹੀ ਗੁਰੂ ਦਰਬਾਰ ਦੀ ਸੇਵਾ ਵਿਚ ਮਗਨ ਹੋ ਗਏ ।ਆਪ ਦੇ ਗੁਰੂ ਅਮਰਦਾਸ ਜੀ ਦੀ ਪ੍ਰਸੰਸਾ ਵਿਚ ਕੇਵਲ ਪੰਜ ਸਵਈਏ ਉਚਾਰਣ ਕੀਤੇ ਹਨ।

ਕੀਰਤ ਜੀ, ਭੱਟ ਭਿੱਖਾ ਜੀ ਦੇ ਪੁਤ੍ਰ ਸਨ।ਆਪ ਜੀ ਨੇ ਗੁਰੂ ਅਮਰਦਾਸ ਜੀ ਉਸਤਤੀ ਵਿਚ ੪ ਤੇ ਗੁਰੂ ਰਾਮਦਾਸ ਜੀ ਦੀ ਉਸਤਤੀ ਵਿਚ ੪, ਕੁਲ ੮ ਸਵੱਈਆਂ ਦੀ ਰਚਨਾ ਕੀਤੀ ਹੈ।ਭੱਟ ਕੀਰਤ ਜੀ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਅੰਮ੍ਰਿਸਰ ਦੀ ਜੰਗ ਵਿਚ ਸ਼ਾਮਲ ਹੋ ਕੇ ਵੈਰੀਆਂ ਦਾ ਸਫਾਇਆ ਕਰਦੇ ਹੋਏ ਮੁਰਤਜ਼ਾ ਖਾਨ ਨਾਲ ਲੜਦੇ ਸ਼ਹੀਦ ਹੋ ਗਏ ਸਨ।ਭੱਟ ਕੀਰਤ ਦਾ ਲੜਕਾ ਬੋਹਿਥ, ਅੱਗੇ ਬੋਹਿਥ ਦੇ ਪੁਤ੍ਰ ਕੇਸੋ ਸਿੰਘ, ਹਰੀ ਸਿੰਘ ਤੇ ਦੇਸੂ ਸਿੰਘ ਹੋਏ ਹਨ।ਕੇਸੋ ਸਿੰਘ ਦੇ ਪੁਤ੍ਰ ਸਿਵਲਾਲ ਸਿੰਘ ਅਤੇ ਨਰਬਦ ਸਿੰਘ ਸਨ।ਨਰਬਦ ਸਿੰਘ, ਗੁਰੂ ਗੋਬਿੰਦ ਸਿੰਗ ਜੀ ਨਾਲ ਨੰਦੇੜ ਗਿਆ ਸੀ।ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਅਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ ਗੱਦੀ ਦੇਣ ਦਾ ਹਵਾਲਾ ਅਪਣੀ ਵਹੀ ਵਿਚ ਦਿਤਾ ਹੈਃ- ਗੁਰੂ ਗੋਬਿੰਦ ਸਿੰਘ ਮਹਲ ਦਸਮੇ ਕਾ, ਸੰਮਤ ੧੭੬੫ ਬਿ. ਕਾਰਤਕ ਮਾਹ ਕੀ ਚੌਥ ਸ਼ੁਕਲ ਬੁਧਵਾਰ ਕੇ ਦਿਨ ਦਿਆ ਸਿੰਘ ਕੋ ਬਚਨ ਹੋਇਆ, ਗੁਰੂ ਗ੍ਰੰਥ ਸਾਹਿਬ ਲੇ ਆਓ।ਬਚਨ ਪਾਇ ਦਿਆ ਸਿੰਘ ਗੁਰੂ ਗ੍ਰੰਥ ਸਾਹਿਬ ਲੇ ਆਏ।ਗੁਰੂ ਜੀ ਨੇ ਪਾਂਚ ਪੈਸੇ ਨਲੇਰ ਰਖ ਕੇ ਮੱਥਾ ਟੇਕਿਆ।ਸਰਬਤ ਸੰਗਤ ਕੋ ਕਹਾ ਮੇਰਾ ਹੁਕਮ ਹੈ ਮੇਰੀ ਜਗ੍ਹਾ ਗ੍ਰੰਥ ਸਾਹਿਬ ਕੋ ਜਾਨਣਾ।ਜੋ ਸਿਖ ਜਾਣੇਗਾ ਤਿਸ ਕੀ ਘਾਲ ਥਾਂਇ ਪਏਗੀ।ਜਦ ੧੭੧੦ ਈ. ਵਿਚ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੇ ਸਿੱਖਾਂ ਦੇ ਕਤਲਿਆਮ {ਨਾਨਕ ਪ੍ਰਸਤਾਂ ਰਾ ਹਰ ਜਾ ਬਯਾਬੰਦ ਬਕਤਲ ਰਸਾਨਦ} ਦਾ ਹੁਕਮ ਜਾਰੀ ਕੀਤਾ।ਵੱਖ ਵੱਖ ਪਿੰਡਾਂ ਵਿਚੋਂ ੪੦ ਸਿੰਘਾਂ ਨੂੰ ਫੜ ਕੇ ਅਸਲਮ ਖਾਨ ਦੇ ਹੁਕਮ ਨਾਲ ਲਹੌਰ ਦੇ ਆਲੋਵਾਲ ਪਿੰਡ ਵਿਚ ੧੧ ਅਕਤੂਬਰ ੧੭੧੧ ਈਂ. ਨੂੰ ਧਰਤੀ ਵਿਚ ਜਿਉਂਦੇ ਗੱਡ ਕੇ ਸ਼ਹੀਦ ਕਰ ਦਿਤਾ ਗਿਆ।ਇਨ੍ਹਾਂ ਵਿਚੋਂ ਤਿੰਨ ਭੱਟ ਕੀਰਤ ਦੇ ਪੋਤ੍ਰੇ ਹਰੀ ਸਿੰਘ ਦੇ ਪੁਤ੍ਰ ਤਾਰਾ ਸਿੰਘ, ਸੇਵਾ ਸਿੰਘ ਤੇ ਦੇਵਾ ਸਿੰਘ ਸਨ।

ਸਲ੍ਹ ਜੀ, ਭੱਟ ਸੇਖਾ ਜੀ ਦੇ ਪੁਤ੍ਰ ਸਨ ਅਤੇ ਸੇਖਾ ਜੀ ਭਿੱਖਾ ਜੀ ਦੇ ਛੋਟੇ ਭਰਾ ਸਨ।ਭੱਟ ਸਲ੍ਹ ਜੀ ਨੇ ਗੁਰੂ ਅਮਰਦਾਸ ਜੀ ਦੀ ਪ੍ਰਸੰਸਾ ਵਿਚ ੧ ਅਤੇ ਗੁਰੂ ਰਾਮਦਾਸ ਜੀ ਦੀ ਪ੍ਰਸੰਸਾ ਵਿਚ ੨ ਕੁਲ ਤਿੰਨ ਸਵੱਯੇ ਉਚਾਰੇ ਹਨ।

**ਭਲ੍ਹ** ਜੀ, ਸਲ੍ਹ ਜੀ ਦੇ ਹੀ ਭਰਾ ਸਨ ਜੋ ਕਿ ਸੇਖਾ ਜੀ ਦੇ ਪੁਤ੍ਰ ਹਨ। ਗੁਰੂ ਗ੍ਰੰਥ ਸਾਹਿਬ ਜੀ ਵਿਚ ਭੱਟ ਭੱਲ੍ਹ ਜੀ ਦਾ ਇਕੋ ਇਕ ਸਵੱਯਾ ਗੁਰੂ ਅਮਰਦਾਸ ਜੀ ਦੀ ਸਿਫਤ ਕਰਦਿਆਂ ਉਚਾਰਿਆ ਹੋਇਆ ਹੈ।

**ਨਲ੍ਹ** ਜੀ, ਭੱਟ ਤੋਖਾ ਜੀ ਦੇ ਪੁਤ੍ਰ ਅਤੇ ਭਿੱਖਾ ਜੀ ਦੇ ਭਤੀਜੇ ਸਨ। ਇਨ੍ਹਾਂ ਨੇ ਗੁਰੂ ਰਾਮਦਾਸ ਜੀ ਦੀ ਉਸਤਤੀ ਵਿਚ ੧੬ ਸਵੱਯੇ ਉਚਾਰਣ ਕੀਤੇ ਹਨ। ਆਪ ਨੇ ਅਪਣੇ ਸਵੱਈਆਂ ਵਿਚ ਦਾਸ ਉਪਨਾਮ ਵੀ ਵਰਤਿਆ ਹੈ। ਨਲ੍ਹ ਜੀ ਨੇ ਅਪਣੀ ਨਿਰਮਾਣਤਾ ਦੇ ਪ੍ਰਤੀਕ ਵੱਜੋਂ ਦਾਸ ਪਦ ਵਰਤਿਆ ਲਗਦਾ ਹੈ। ਕਈ ਵਿਦਵਾਨ ਦਾਸ ਇਕ ਵੱਖਰਾ ਭੱਟ ਕਵੀ ਮੰਨਦੇ ਹਨ, ਪਰ ਛੰਦਾਂ ਦੀ ਚਾਲ ਤੋਂ ਨਲ੍ਹ ਜੀ ਦਾ ਹੀ ਤਖੱਲਸ ਦਾਸ ਪਦ ਪ੍ਰਤੀਤ ਹੁੰਦਾ ਹੈ। ਗੁਰੂ ਰਾਮਦਾਸ ਜੀ ਦੀ ਉਸਤਤੀ ਵਿਚ ਉਚਾਰੇ ਸਵੱਯਾਂ ਤੋਂ ਬਿਨਾ ਆਪ ਦੇ ਹੋਰ ਸਵੱਯੇ ਨਹੀ ਹਨ।

**ਗਯੰਦ** ਜੀ, ਭੱਟ ਚੋਖਾ ਜੀ ਦੇ ਪੁਤ੍ਰ ਅਤੇ ਕਲਸਹਾਰ ਦੇ ਭਰਾ ਸਨ। ਗਯੰਦ ਜੀ ਦਾ ਅਸਲ ਨਾਮ ਪਰਮਾਨੰਦ ਦਸਿਆ ਜਾਂਦਾ ਹੈ, ਗੁਰੂ ਰਾਮਦਾਸ ਜੀ ਦੀ ਪ੍ਰਸੰਸਾ ਵਿਚ ਆਪ ਨੇ ੧੩ ਸਵੱਈਏ ਉਚਾਰੇ ਹਨ।

**ਮਥਰਾ** ਜੀ, ਭੱਟ ਭਿੱਖਾ ਜੀ ਦੇ ਪੁਤ੍ਰ ਸਨ। ਕਲ੍ਹ, ਕੀਰਤ ਅਤੇ ਜਾਲਪ ਆਪ ਦੇ ਭਰਾ ਸਨ। ਮਥਰਾ ਜੀ ਦੇ ੭ ਸਵੱਈਏ ਗੁਰੂ ਰਾਮਦਾਸ ਅਤੇ ੭ ਸਵੱਈਏ ਗੁਰੂ ਅਰਜਨ ਦੇਵ ਜੀ ਦੀ ਉਸਤਤੀ ਵਿਚ ਉਚਾਰੇ ਹੋਏ ਹਨ। ਭੱਟ ਮਥਰਾ ਜੀ ਗੁਰੂ ਹਰਗੋਬਿੰਦ ਸਾਹਿਬ ਜੀ ਵੇਲੇ ਰੁਹੇਲਾ ਦੇ ਸਥਾਨ ਤੇ ਜੰਗ ਵਿਚ ਚੰਦੂ ਦੇ ਪੁਤ੍ਰ ਕਰਮ ਚੰਦ ਤੇ ਭਗਵਾਨ ਦਾਸ ਘੇਰੜ ਦੀ ਫੌਜ ਨਾਮ ਲੜਦੇ ਹੋਏ ਸਤੰਬਰ ੧੬੨੯ ਈ. ਨੂੰ ਸ਼ਹੀਦ ਹੋ ਗਏ ਸਨ। ਗੁਰ ਬਿਲਾਸ ਪਾ. ਛੇਵੀਂ ਅਨੁਸਾਰ ਮਥਰਾ ਜੀ ਨੇ ਸੈਨਾਪਤੀ ਬੈਰਮ ਖਾਨ ਨੂੰ ਇਸ ਲੜਾਈ ਵਿਚ ਮਾਰਿਆ ਸੀ।

**ਬਲ੍ਹ** ਜੀ, ਭੱਟ ਭਿੱਖਾ ਜੀ ਦੇ ਭਰਾ ਤੋਖਾ ਜੀ ਦੇ ਪੁਤ੍ਰ ਸਨ। ਇਨ੍ਹਾਂ ਦੇ ੫ ਸਵੱਈਏ ਗੁਰੂ ਰਾਮਦਾਸ ਜੀ ਦੀ ਸਿਫਤ ਵਿਚ ਉਚਾਰੇ ਹੋਏ ਹਨ।

**ਹਰਿਬੰਸ** ਜੀ, ਭੱਟ ਭਿੱਖਾ ਜੀ ਦੇ ਭਰਾ ਗੋਖਾ ਜੀ ਦੇ ਪੁਤ੍ਰ ਸਨ। ਹਰਬੰਸ ਨੇ ਗੁਰੂ ਅਰਜਨ ਦੇਵ ਜੀ ਦੀ ਉਸਤਤੀ ਵਿਚ ੨ ਸਵੱਈਏ ਉਚਾਰੇ ਹਨ ਜੋ ੧੪੦੯ ਅੰਗ ਤੇ ਦਰਜ ਹਨ। ਹਰਬੰਸ ਜੀ ਨੇ ਗੁਰੂ ਰਾਮਦਾਸ ਜੀ ਦਾ ਜੋਤੀ ਜੋਤ ਸਮਾਉਣ ਦਾ ਬੜੇ ਭਾਵ ਪੂਰਤ ਤੇ ਦਿਲ ਖਿੱਚਵੇਂ ਢੰਗ ਨਾਲ ਬਿਆਨ ਕੀਤਾ ਹੈ। ਗੁਰ ਜੋਤ ਕਦੇ ਬੁਝਣ ਵਾਲੀ ਨਹੀਂ, ਇਹ ਅਟੱਲ ਅਤੇ ਸਦੀਵੀ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭੱਟਾਂ ਦੇ ਕੁਲ ਸਵੱਈਏ ੧੨੩ ਹਨ ਜੋ ੧੩੮੫ ਤੋਂ ੧੪੦੯ ਅੰਗ ਤਕ ਦਰਜ ਹਨ।**

**ਸਵੱਈਆਂ ਵਿਚ ਮੁਖ ਵਿਸ਼ਾ ਗੁਰੂ ਸਾਹਿਬਾਨਾਂ ਦੀ ਉਸਤਤੀ ਦਾ ਹੈ।**

**॥ ਸਵੱਈਏ ਸਮਾਪਤ ॥**